Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 129 27/09/2025 www.samajweekly.com samajweekly @samajweekly samajweekly

# Punjab Assembly Special Session

## ਸਦਨ ’ਚ ਕੇਂਦਰ ਖਿਲਾਫ਼ ਮਤਾ ਪੇਸ਼; 20,000 ਕਰੋੜ ਦਾ ਪੈਕੇਜ ਮੰਗਿਆ; ਬਾਜਵਾ ਨੇ ਹੜ੍ਹਾਂ ਦੇ ਕਾਰਨਾਂ ਦੀ ਨਿਰਪੱਖ ਜਾਂਚ ਮੰਗੀ



**ਚੰਡੀਗੜ੍ਹ।** ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਪਹਿਲੇ ਦਿਨ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹੜ੍ਹਾਂ ’ਤੇ ਬਹਿਸ ਦੀ ਸ਼ੁਰੂਆਤ ਕੀਤੀ। ਇਸ ਤੋਂ ਪਹਿਲਾਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਹਾਕਮ ਧਿਰ ਤੇ ਵਿਰੋਧੀ ਧਿਰ ਨੂੰ ਸੱਦਾ ਦਿੱਤਾ ਕਿ ਅੱਜ ਦੀ ਬਹਿਸ ਨੂੰ ਹੜ੍ਹਾਂ ’ਚੋਂ ਉਭਰ ਰਹੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ’ਤੇ ਕੇਂਦਰਿਤ ਕੀਤਾ ਜਾਵੇ।

ਜਲ ਸਰੋਤ ਮੰਤਰੀ ਨੇ ਕਿਹਾ ਕਿ ਐਤਕੀਂ ਬਰਸਾਤਾਂ ਨੇ ਮੌਸਮ ਵਿਭਾਗ ਦੀ ਭਵਿੱਖਬਾਣੀ ਨੂੰ ਵੀ ਫ਼ੇਲ੍ਹ ਕਰ ਦਿੱਤਾ ਅਤੇ ਇਹੋ ਪਾਣੀ ਪੰਜਾਬ ਚ ਤਬਾਹੀ ਦਾ ਕਾਰਨ ਬਣਿਆ। ਇਸ ਦੌਰਾਨ ਜਿੱਥੇ ਸੂਬਾ ਸਰਕਾਰ ਨੇ ਕੇਂਦਰ ਨੂੰ ਨਿਸ਼ਾਨੇ ’ਤੇ ਰੱਖਿਆ,ਉਥੇ ਵਿਰੋਧੀ ਧਿਰ ਨੇ ਮਾਨ ਸਰਕਾਰ ਨੂੰ ਘੇਰਿਆ।

ਬਹਿਸ ਦੌਰਾਨ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਕੇਂਦਰ ਸਰਕਾਰ ਖਿਲਾਫ਼ ਮਤਾ ਪੇਸ਼ ਕਰਦਿਆਂ ਕੇਂਦਰ ਤੋਂ ਪੰਜਾਬ ਲਈ 20,000 ਕਰੋੜ ਦਾ ਪੈਕੇਜ ਮੰਗਿਆ। ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਵਿਰੋਧੀ ਧਿਰ ਲਾਸ਼ਾਂ ’ਤੇ ਸਿਆਸਤ ਕਰ ਰਹੀ ਹੈ। ਉਧਰ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਹੜ੍ਹਾਂ ਦੇ ਕਾਰਨਾਂ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਬਾਜਵਾ ਨੇ ਰੰਗਲਾ ਪੰਜਾਬ ਸੁਸਾਇਟੀ ’ਤੇ ਵੀ ਸਵਾਲ ਉਠਾਏ ਅਤੇ ਸਦਨ ਤੋਂ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਉਹ ਇਸ ਸੁਸਾਇਟੀ ਦੀ ਥਾਂ ਸਿੱਧੇ ਹੜ੍ਹ ਪੀੜਤਾਂ ਨੂੰ ਫੰਡ ਦੇਣ।

ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਬਹਿਸ ਦੌਰਾਨ ਮੰਗ ਉਠਾਈ ਕੇ ਬੀਬੀਐਮਬੀ ਦਾ ਕੰਟਰੋਲ ਪੰਜਾਬ ਹਵਾਲੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਬੀਬੀਐਮਬੀ ਨੇ ਪੰਜਾਬ ਨੂੰ ਨਿਹੱਥਾ ਕਰੀ ਰੱਖਿਆ। ਬੀਬੀਐੱਮਬੀ ਦੀ ਜ਼ਿੱਦ ’ਤੇ ਫੈਸਲਿਆਂ ਨੇ ਪੰਜਾਬ ਦਾ ਨੁਕਸਾਨ ਕੀਤਾ। ਉਨ੍ਹਾਂ ਦਰਿਆਵਾਂ ਦੀ ਡੀਸਿਲਟਿੰਗ ’ਚ ਕੇਂਦਰੀ ਅੜਿੱਕਿਆਂ ਦਾ ਵੀ ਜ਼ਿਕਰ ਕੀਤਾ।

ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਬਹਿਸ ਦੌਰਾਨ ਕੇਂਦਰ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਹੜ੍ਹਾਂ ਦੌਰਾਨ ਪੰਜਾਬ ਦੇ ਜ਼ਖ਼ਮਾਂ ’ਤੇ ਮਲੱਮ ਲਾਉਣ ਦੀ ਥਾਂ ਨਮਕ ਲਾਇਆ। ਉਨ੍ਹਾਂ ਕਿਹਾ ਕਿ ਔਖ ਦੀ ਘੜੀ ’ਚ ਕੇਂਦਰ ਨੇ ਪੰਜਾਬ ਦੀ ਬਾਂਹ ਨਹੀਂ ਫੜੀ। ਉਨ੍ਹਾਂ ਕਿਹਾ ਕਿ ਸਥਾਨਕ ਲੀਡਰਾਂ ਨੇ ਵੀ ਕੇਂਦਰ ਸਰਕਾਰ ਦਾ ਪੱਖ ਪੂਰਿਆ।

ਗੋਇਲ ਨੇ ਕਿਹਾ ਕਿ ਕੇਂਦਰ ਸਰਕਾਰ ਕੋਲ ਇਸ ਸਮੇਂ ਗਲਤੀਆਂ ਨੂੰ ਸੁਧਾਰਨ ਦਾ ਸਹੀ ਮੌਕਾ ਹੈ। ਕੇਂਦਰ ਸਰਕਾਰ ਪੰਜਾਬ ’ਚ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਖੁੱਲ੍ਹੇ ਦਿਲ ਨਾਲ ਮਦਦ ਕਰੇ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਅੱਗੇ ਆਉਣ ’ਤੇ ਤੁਰੰਤ ਸੂਬੇ ਦੀ ਮਦਦ ਕਰਨ ।

ਜਲ ਸਰੋਤ ਮੰਤਰੀ ਵਲੋਂ ਸਦਨ ਚ ਕੇਂਦਰ ਖਿਲਾਫ ਮਤਾ ਪੇਸ਼ ਕੀਤਾ ਗਿਆ ਅਤੇ ਕੇਂਦਰ ਤੋਂ 20 ਹਜ਼ਾਰ ਕਰੋੜ ਦੇ ਪੈਕੇਜ ਦੀ ਮੰਗ ਕੀਤੀ ਗਈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਸਰਕਾਰ ਨੂੰ ਨਿਸਾਨੇ ’ਤੇ ਲਏ ਜਾਣ ਮਗਰੋਂ ਸਦਨ ਚ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਦਨ ਵਿਚ ਮੰਗ ਕੀਤੀ ਕਿ ਪੰਜਾਬ ’ਚ ਆਏ ਹੜ੍ਹਾਂ ਦੇ ਕਾਰਨਾਂ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਉਨ੍ਹਾਂ ਨੇ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਤੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਨਿਸ਼ਾਨੇ ’ਤੇ ਲਿਆ। ਗੋਇਲ ਨੇ ਬਾਜਵਾ ਵੱਲੋਂ ਲਾਏ ਦੋਸ਼ਾਂ ਦਾ ਜਵਾਬ ਦਿੱਤਾ, ਪਰ ਇਸ ਦੌਰਾਨ ਬਾਜਵਾ ਉਨ੍ਹਾਂ ਨੂੰ ਟੋਕਦੇ ਰਹੇ।

ਵਿੱਤ ਮੰਤਰੀ ਹਰਪਾਲ ਚੀਮਾ ਨੇ ਸਦਨ ਵਿਚ ਕਿਹਾ ਕਿ ਕਾਂਗਰਸ ਲਾਸ਼ਾਂ ’ਤੇ ਰਾਜਨੀਤੀ ਕਰ ਰਹੀ ਹੈ। ਇਸ ਮੌਕੇ ਵਿਰੋਧੀ ਧਿਰ ਨੇ ਹੰਗਾਮਾ ਕੀਤਾ ਤੇ ਚੀਮਾ ਦੇ ਭਾਸ਼ਣ ਵਿਚ ਵਿਘਨ ਪਾਇਆ। ਬਾਅਦ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ ’ਚ ਕੇਂਦਰੀ ਰਾਹਤ ਫੰਡ ’ਤੇ ਵੀ ਸਵਾਲ ਚੁੱਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਵੱਲੋਂ ਰਾਹਤ ਫੰਡਾਂ ਲਈ ਦਿੱਤੇ ਗਏ 1600 ਕਰੋੜ ’ਚੋਂ ਇੱਕ ਪੈਸਾ ਵੀ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਨਹੀਂ ਆਇਆ।

ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭ ਦਾ ਹੜ੍ਹਾਂ ਬਾਰੇ ਵਿਸ਼ੇਸ਼ ਸੈਸ਼ਨ ਦੀ ਸ਼ੁਰੂਆਤ ਵਿਚ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੈਂਬਰਾਂ ਨੇ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ, ਸਾਬਕਾ ਵਿਧਾਇਕ ਰਘੁਬੀਰ ਸਿੰਘ, ਲੈਫਟੀਨੈਂਟ ਕਰਨਲ ਸ਼ਹੀਦ ਭਾਨੂੰ ਪ੍ਰਤਾਪ ਸਿੰਘ ਮਨਕੋਟੀਆ, ਏ.ਐਲ.ਡੀ. ਸ਼ਹੀਦ ਦਲਜੀਤ ਸਿੰਘ, ਲਾਂਸ ਨਾਇਕ ਸ਼ਹੀਦ ਰਿੰਕੂ ਸਿੰਘ, ਸ਼ਹੀਦ ਪ੍ਰਿਤਪਾਲ ਸਿੰਘ, ਸਿਪਾਹੀ ਸ਼ਹੀਦ ਹਰਮਿੰਦਰ ਸਿੰਘ, ਅਦਾਕਾਰ ਤੇ ਕਾਮੇਡੀਅਨ ਜਸਵਿੰਦਰ ਸਿੰਘ ਭੱਲਾ, ਸੰਗੀਤਕਾਰ ਚਰਨਜੀਤ ਅਹੂਜਾ ਅਤੇ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਦੇ ਭਰਾ ਦੇ ਅਕਾਲ ਚਲਾਣੇ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ।ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਆਪਣੀ ਜਾਨ ਗਵਾਉਣ ਵਾਲੇ 59 ਨਾਗਰਿਕਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਮੈਂਬਰਾਂ ਨੇ ਆਪਣੀ ਸੀਟਾਂ ’ਤੇ ਖੜ੍ਹ ਕੇ ਦੋ ਮਿੰਟ ਦਾ ਮੌਨ ਰੱਖ ਕੇ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਬਾਅਦ ਵਿਧਾਨ ਸਭਾ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

# ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਗ੍ਰਿਫ਼ਤਾਰ

**ਲੇਹ ।** ਲੱਦਾਖ ਨੂੰ ਸੂਬੇ ਦਾ ਦਰਜਾ ਦੇਣ ਅਤੇ ਸੰਵਿਧਾਨ ਦੀ ਛੇਵੀਂ ਅਨੁਸੂਚੀ ਦੇ ਵਿਸਥਾਰ ਲਈ ਅੰਦੋਲਨ ਸਮਰਥਕਾਂ ਦੇ ਹਿੰਸਕ ਪ੍ਰਦਰਸ਼ਨਾਂ ਤੋਂ ਦੋ ਦਿਨ ਬਾਅਦ ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵਾਂਗਚੁਕ ਨੂੰ ਪੁਲਿਸ ਪਾਰਟੀ ਦੀ ਅਗਵਾਈ ਵਾਲੀ ਲੱਦਾਖ ਦੇ ਡੀ.ਜੀ.ਪੀ. ਐਸ.ਡੀ. ਸਿੰਘ ਜਾਮਵਾਲ ਨੇ ਦੁਪਹਿਰ 2:30 ਵਜੇ ਹਿਰਾਸਤ ਵਿਚ ਲੈ ਲਿਆ। ਵਾਂਗਚੁਕ ਦੇ ਵਿਰੁਧ ਲਗਾਏ ਗਏ ਦੋਸ਼ ਤੁਰਤ ਸਪੱਸ਼ਟ ਨਹੀਂ ਹੋ ਸਕੇ। ਗ੍ਰਹਿ ਮੰਤਰਾਲੇ ਨੇ ਹਿੰਸਾ ਲਈ ਲੇਹ ਅਪੈਕਸ ਬਾਡੀ (ਐਲ.ਏ.ਬੀ.) ਦੇ ਸੀਨੀਅਰ ਮੈਂਬਰ ਵਾਂਗਚੁਕ ਨੂੰ ਜ਼ਿੰਮੇਵਾਰ ਠਹਿਰਾਇਆ ਸੀ, ਜੋ ਕਾਰਗਿਲ ਡੈਮੋਕ੍ਰੇਟਿਕ ਅਲਾਇੰਸ (ਕੇ.ਡੀ.ਏ.) ਦੇ ਨਾਲ ਮਿਲ ਕੇ ਪਿਛਲੇ ਪੰਜ ਸਾਲਾਂ ਤੋਂ ਮੰਗਾਂ ਦੇ ਸਮਰਥਨ ਵਿਚ ਅੰਦੋਲਨ ਦੀ ਅਗਵਾਈ ਕਰ ਰਹੇ ਸਨ। ਮੰਗਾਂ ਦੇ ਸਮਰਥਨ 'ਚ ਭੁੱਖ ਹੜਤਾਲ ਦੀ ਅਗਵਾਈ ਕਰ ਰਹੇ ਵਾਂਗਚੁਕ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਨੇ ਹਿੰਸਾ ਦੀ ਨਿੰਦਾ ਕੀਤੀ ਅਤੇ



ਬੁਧਵਾਰ ਨੂੰ ਹੋਈ ਹਿੰਸਾ ਤੋਂ ਬਾਅਦ ਪੰਦਰਵਾੜੇ ਤੋਂ ਚੱਲ ਰਹੀ ਭੁੱਖ ਹੜਤਾਲ ਨੂੰ ਵੀ ਖਤਮ ਕਰ ਦਿਤਾ। ਇਸ ਦੌਰਾਨ ਤੀਜੇ ਦਿਨ ਵੀ ਲੇਹ ਵਿਚ ਕਰਫ਼ਿਊ ਜਾਰੀ ਰਿਹਾ। ਗ੍ਰਹਿ ਮੰਤਰਾਲੇ ਦੀ ਟੀਮ ਨੇ ਸਥਿਤ ਦੀ ਸਮੀਖਿਆ ਲਈ ਕਈ ਮੀਟਿੰਗਾਂ ਕੀਤੀਆਂ। ਕਿਤੋਂ ਵੀ ਕੋਈ ਅਣਸੁਖਾਵੀਂ ਘਟਨਾ ਦੀ ਖ਼ਬਰ ਨਹੀਂ ਹੈ। ਕਾਂਗਰਸ ਨੇ ਹਿੰਸਾ ਕਾਰਨ ਮਾਰੇ ਗਏ ਚਾਰ ਨੌਜੁਆਨਾਂ ਦੀ ਮੌਤ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ।


## CHANGE OF NAME

I, **Mrs BAKSHO** W/O Mr Paramjit Singh Aulakh whose permanent address in India is Vill. Malowal, PO. Mehatpur, Teh. Nakodar, Jalandhar, Punjab, India and is now living at 14 Woodchurch Grange, Chester Road, Sutton Coldfield, B73 5GA, UK hereby gives notice of my intention to change my name to **BAKSHO KAUR AULAKH** subject to the approval of The High Commission of India, London.


# ਪੰਜਾਬ 'ਚ ਹੁਣ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਸੰਬਰ ਤੱਕ ਹੋਣਗੀਆਂ

**ਚੰਡੀਗੜ੍ਹ।** ਪੰਜਾਬ ਵਿੱਚ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਹੁਣ 5 ਦਸੰਬਰ ਤੱਕ ਹੋਣਗੀਆਂ, ਪਹਿਲਾਂ ਇਹ 5 ਅਕਤੂਬਰ ਤੱਕ ਨਿਰਧਾਰਤ ਕੀਤੀਆਂ ਗਈਆਂ ਸਨ। ਦੱਸ ਦਈਏ ਕਿ ਇਹ ਦੇਰੀ ਰਾਜ ਵਿੱਚ ਹੜ੍ਹਾਂ ਕਾਰਨ ਹੋਈ ਹੈ। ਪੇਂਡੂ ਵਿਕਾਸ ਦੇ ਪ੍ਰਬੰਧ ਸਕੱਤਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਕਿਹਾ ਕਿ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 5 ਦਸੰਬਰ ਤੱਕ ਹੋਣਗੀਆਂ। ਸੂਬੇ ਵਿੱਚ 23 ਜ਼ਿਲ੍ਹਾ ਪ੍ਰੀਸ਼ਦਾਂ ਅਤੇ 154 ਬਲਾਕ ਕਮੇਟੀਆਂ ਦੀਆਂ ਚੋਣਾਂ ਲੰਬੇ ਸਮੇਂ ਤੋਂ ਲਟਕ ਰਹੀਆਂ ਹਨ। ਇਹ ਚੋਣਾਂ ਆਖਰੀ ਵਾਰ 2018 ਵਿੱਚ ਹੋਈਆਂ ਸਨ। ਸਰਕਾਰ ਨੇ ਅਗਸਤ ਵਿੱਚ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਸਨ। ਇਨ੍ਹਾਂ ਚੋਣਾਂ ਲਈ ਜ਼ੋਨ ਬਣਾਏ ਗਏ ਸਨ, ਅਤੇ ਹਲਕਿਆਂ ਨੂੰ ਰਾਖਵਾਂ ਕਰਨ ਦੀ ਪ੍ਰਕਿਰਿਆ ਵੀ ਪੂਰੀ ਹੋ ਗਈ ਸੀ। ਸਰਕਾਰ ਨੇ ਪਹਿਲਾਂ 10 ਅਗਸਤ, 2023 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ



ਵਿੱਚ ਪੰਚਾਇਤ ਚੋਣਾਂ 31 ਦਸੰਬਰ ਤੱਕ ਅਤੇ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 25 ਨਵੰਬਰ ਤੱਕ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ।

# ਲੁਧਿਆਣਾ ਵਿਚ ਬੈਂਕ ਮੈਨੇਜਰ ਨੂੰ ਮਾਰੀ ਗੋਲੀ, ਹੋਇਆ ਗੰਭੀਰ ਜ਼ਖ਼ਮੀ

**ਲੁਧਿਆਣਾ।** ਲੁਧਿਆਣਾ ਦੇ ਫਿਰੋਜ਼ ਗਾਂਧੀ ਮਾਰਕੀਟ ਵਿਚ ਇਕ ਨਿੱਜੀ ਬੈਂਕ ਦੇ ਬਾਹਰ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਇੱਕ ਬੈਂਕ ਮੈਨੇਜਰ ਨੂੰ ਗੋਲੀ ਮਾਰ ਦਿੱਤੀ। ਗੋਲੀ ਮੈਨੇਜਰ ਦੇ ਸੱਜੇ ਹੱਥ ਵਿੱਚ ਲੱਗ ਗਈ। ਉਸਦੇ ਸਾਥੀਆਂ ਨੇ ਉਸ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ। ਮੁੱਢਲੀ ਸਹਾਇਤਾ ਤੋਂ ਬਾਅਦ, ਜ਼ਖ਼ਮੀ ਨੂੰ ਤੁਰੰਤ ਡੀਐਮਸੀ ਹਸਪਤਾਲ ਲਿਜਾਇਆ ਗਿਆ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਡਿਵੀਜ਼ਨ ਨੰਬਰ 5 ਪੁਲਿਸ ਸਟੇਸ਼ਨ ਦੀ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਸਪਤਾਲ ਵਿਚ ਇਲਾਜ ਲਈ ਆਏ ਬੈਂਕ ਮੈਨੇਜਰ ਵਿਸ਼ਾਲ ਬਾਂਸਲ ਨੇ ਦੱਸਿਆ ਕਿ ਉਹ ਪੱਖੋਵਾਲ ਰੋਡ 'ਤੇ ਵਿਸ਼ਾਲ ਨਗਰ ਵਿੱਚ ਰਹਿੰਦਾ ਹੈ। ਉਹ ਫਿਰੋਜ਼ ਗਾਂਧੀ ਮਾਰਕੀਟ ਵਿਚ ਸਥਿਤ ਇੱਕ ਨਿੱਜੀ ਬੈਂਕ ਵਿੱਚ ਜ਼ੋਨਲ ਮੈਨੇਜਰ ਵਜੋਂ ਤਾਇਨ-ਾਤ ਹੈ। ਵੀਰਵਾਰ ਰਾਤ ਨੂੰ, ਹਮੇਸ਼ਾ ਵਾਂਗ, ਉਹ ਰਾਤ 9 ਵਜੇ ਦੇ ਕਰੀਬ ਬੈਂਕ ਦੇ ਬਾਹਰ ਆਪਣੀ ਕਾਰ ਵਿੱਚ ਆਪਣਾ ਲੈਪਟਾਪ ਅਤੇ ਹੋਰ ਸਮਾਨ ਰੱਖ ਰਿਹਾ ਸੀ ਉਦੋਂ ਹੀ ਮੋਟਰਸਾਈਕਲ 'ਤੇ ਸਵਾਰ ਦੋ



ਨੌਜਵਾਨਾਂ ਨੇ ਪਿੱਛੇ ਤੋਂ ਉਸ ਕੋਲ ਆ ਕੇ ਉਸ ਨੂੰ ਗੋਲੀ ਮਾਰ ਦਿੱਤੀ। ਇੱਕ ਗੋਲੀ ਚਲਾਉਣ ਤੋਂ ਬਾਅਦ, ਹਮਲਾਵਰਾਂ ਨੇ ਦੂਜੀ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੀ ਪਿਸਤੌਲ ਖੁੰਝ ਗਈ। ਇਸ ਦੇ ਨਾਲ ਹੀ ਬਹੁਤ ਸਾਰੇ ਲੋਕ ਨੇੜੇ ਇਕੱਠੇ ਹੋ ਗਏ। ਭੀੜ ਨੂੰ ਦੇਖ ਕੇ, ਹਮਲਾਵਰ ਮੌਕੇ ਤੋਂ ਭੱਜ ਗਏ। ਗੋਲੀਬਾਰੀ ਦੀ ਖ਼ਬਰ ਮਿਲਦੇ ਹੀ ਫਿਰੋਜ਼ ਗਾਂਧੀ ਮਾਰਕੀਟ ਵਿਚ ਦਹਿਸ਼ਤ ਫੈਲ ਗਈ ਅਤੇ ਜ਼ਖ਼ਮੀ ਵਿਸ਼ਾਲ ਨੂੰ ਉਸ ਦੇ ਸਾਥੀਆਂ ਨੇ ਤੁਰੰਤ ਕਾਰ ਵਿੱਚ ਹਸਪਤਾਲ ਪਹੁੰਚਾਇਆ। ਹਸਪਤਾਲ ਵਿੱਚ, ਜ਼ਖ਼ਮੀ ਵਿਅਕਤੀ ਦੇ ਸਾਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਸਥਾਨ ਤੋਂ ਇੱਕ ਖੋਲ ਮਿਲਿਆ ਹੈ। ਖੋਲ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਸਪਤਾਲ ਦੇ ਡਾਕਟਰ ਦੇ ਅਨੁਸਾਰ, ਗੋਲੀ ਵਿਸ਼ਾਲ ਦੇ ਹੱਥ ਵਿੱਚੋਂ ਦੀ ਲੰਘ ਗਈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਦਿਲਜੀਤ ਦੋਸਾਂਝ 'ਅਮਰ ਸਿੰਘ ਚਮਕੀਲਾ' ਲਈ ਸਰਵੋਤਮ ਅਦਾਕਾਰ ਵਜੋਂ ਨਾਮਜ਼ਦ



**ਨਵੀਂ ਦਿੱਲੀ।** ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਨੂੰ ਫਿਲਮਸਾਜ਼ ਇਮਤਿਆਜ਼ ਅਲੀ ਦੀ ਬਹੁ-ਚਰਚਿਤ ਬਾਇਓਪਿਕ 'ਅਮਰ ਸਿੰਘ ਚਮਕੀਲਾ' ਵਿੱਚ ਨਿਭਾਈ ਮੁੱਖ ਭੂਮਿਕਾ ਲਈ ਕੌਮਾਂਤਰੀ ਐਮੀ ਐਵਾਰਡ 2025 ਵਿੱਚ ਸਰਵੋਤਮ ਅਦਾਕਾਰ ਸ਼੍ਰੇਣੀ ਵਿੱਚ ਨਾਮਜ਼ਦ ਕੀਤਾ ਗਿਆ ਹੈ। ਅਲੀ ਵੱਲੋਂ ਨਿਰਦੇਸ਼ਤ ਇਸ ਫਿਲਮ ਨੂੰ ਟੀਵੀ ਫਿਲਮ/ਮਿੰਨੀ-ਸੀਰੀਜ਼ ਸ਼੍ਰੇਣੀ ਵਿੱਚ ਵੀ ਨਾਮਜ਼ਦਗੀ ਪ੍ਰਾਪਤ ਹੋਈ ਹੈ। ਇੰਟਰਨੈਸ਼ਨਲ ਅਕੈਡਮੀ ਆਫ ਟੈਲੀਵਿਜ਼ਨ ਆਰਟਸ ਐਂਡ ਸਾਇੰਸਜ਼ ਨੇ ਨਿਊਯਾਰਕ ਵਿੱਚ ਨਾਮਜ਼ਦਗੀਆਂ ਦਾ ਐਲਾਨ ਕੀਤਾ, ਜਿਸ ਵਿੱਚ ਇਹ ਫਿਲਮ ਇਕਲੌਤੀ ਭਾਰਤੀ ਐਂਟਰੀ ਵਜੋਂ ਉਭਰੀ। ਵਿੰਡੋ ਸੀਟ ਫਿਲਮਜ਼ ਵੱਲੋਂ ਨਿਰਮਿਤ, ਨੈੱਟਫਲਿਕਸ ਫਿਲਮ ਵਿੱਚ ਦੋਸਾਂਝ ਇੱਕ ਪੰਜਾਬੀ ਗਾਇਕ ਦੀ ਮੁੱਖ ਭੂਮਿਕਾ ਵਿੱਚ ਸੀ ਜਿਸ ਦੀ 1988 ਵਿੱਚ ਆਪਣੀ ਗਾਇਕਾ ਪਤਨੀ ਅਮਰਜੋਤ ਕੌਰ ਨਾਲ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਫ਼ਿਲਮ ਵਿਚ ਅਮਰਜੋਤ ਦਾ ਕਿਰਦਾਰ ਪਰੀਨਿਤੀ ਚੋਪੜਾ ਨੇ ਕੀਤਾ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ‘ਆਈ ਲਵ ਮੁਹੰਮਦ’ ਵਿਵਾਦ: ਬਰੇਲੀ ਮਸਜਿਦ ’ਚ ਨਮਾਜ਼ ਤੋਂ ਬਾਅਦ ਪੁਲੀਸ ਤੇ ਲੋਕਾਂ ’ਚ ਝੜਪ

**ਬਰੇਲੀ।** ਸਥਾਨਕ ਮੌਲਵੀ ਅਤੇ Ittehad-e-Millat ਕੌਂਸਲ ਦੇ ਮੁਖੀ ਮੌਲਾਨਾ ਤੌਕੀਰ ਰਜ਼ਾ ਵੱਲੋਂ ‘ਆਈ ਲਵ ਮੁਹੰਮਦ’ ਮੁਹਿੰਮ ਦੇ ਸਮਰਥਨ ਵਿੱਚ ਪ੍ਰਸਤਾਵਿਤ ਪ੍ਰਦਰਸ਼ਨ ਨੂੰ ਮੁਲਤਵੀ ਕਰਨ ਦੇ ਐਲਾਨ ਕਾਰਨ ਅੱਜ ਬਰੇਲੀ ਵਿੱਚ ਇੱਕ ਮਸਜਿਦ ਦੇ ਬਾਹਰ ਭੀੜ ਅਤੇ ਪੁਲੀਸ ਦਰਮਿਆਨ ਝੜਪ ਹੋ ਗਈ। ਪੁਲੀਸ ਨੇ ਕਿਹਾ ਕਿ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ‘ਆਈ ਲਵ ਮੁਹੰਮਦ’ ਦੇ ਪੋਸਟਰ ਫੜੀ ਭੀੜ ਮੌਲਵੀ ਦੇ ਘਰ ਅੱਗੇ ਅਤੇ ਮਸਜਿਦ ਨੇੜੇ ਇਕੱਠੀ ਹੋਈ, ਦੋਵੇਂ ਕੋਤਵਾਲੀ ਖੇਤਰ ਵਿੱਚ ਅਤੇ ਇੱਕ-ਦੂਜੇ ਤੋਂ ਥੋੜ੍ਹੀ ਦੂਰੀ ’ਤੇ ਸਥਿਤ ਸਨ, ਲੋਕਾਂ ਨੇ ਪ੍ਰਦਰਸ਼ਨ ਨੂੰ ਮੁਅੱਤਲ ਕਰਨ ’ਤੇ ਰੋਸ ਜ਼ਾਹਰ ਕੀਤਾ। ਸੂਤਰਾਂ ਨੇ ਕਿਹਾ ਕਿ ਤੌਕੀਰ ਰਜ਼ਾ ਨੇ ਆਖਰੀ ਮਿੰਟ ਪ੍ਰਦਰਸ਼ਨ ਨੂੰ ਰੱਦ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਅਧਿਕਾਰੀਆਂ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਮੌਲਵੀ ਨੇ ਵੀਰਵਾਰ ਨੂੰ ਚਿਤਾਵਨੀ ਦਿੱਤੀ ਸੀ ਕਿ ਪ੍ਰਦਰਸ਼ਨ ‘ਕਿਸੇ ਵੀ ਕੀਮਤ ’ਤੇ’ ਹੋਵੇਗਾ। ਪੁਲੀਸ ਨੇ ਮਸਜਿਦ ਦੇ ਬਾਹਰ ਇਕੱਠੀ ਹੋਈ ਭੀੜ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਪਰ ਰੋਹ ਵਿੱਚ ਆਏ ਪ੍ਰਦਰਸ਼ਨਕਾਰੀਆਂ ਨੇ ਪੱਥਰਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਪੁਲੀਸ ਨੂੰ ਤਾਕਤ ਦੀ ਵਰਤੋਂ ਕਰਨੀ ਪਈ। ਸੋਸ਼ਲ ਮੀਡੀਆ ਅਤੇ ਟੈਲੀਵਿਜ਼ਨ ਨਿਊਜ਼ ਚੈਨਲਾਂ ’ਤੇ ਦਿਖਾਈਆਂ ਗਈਆਂ ਤਸਵੀਰਾਂ ਵਿੱਚ ਸਥਾਨਕ ਲੋਕਾਂ ਨੂੰ ਪੁਲੀਸ ਨਾਲ ਝੜਪ ਕਰਦੇ ਦਿਖਾਇਆ ਗਿਆ। ਪੁਲੀਸ ਨੇ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਲਾਠੀਚਾਰਜ ਕੀਤਾ। ਡੀਆਈਜੀ ਅਜੈ



ਕੁਮਾਰ ਸਾਹਨੀ, ਐੱਸਐੱਸਪੀ ਅਨੁਰਾਗ ਆਰੀਆ ਅਤੇ ਡੀਐੱਮ ਅਵਿਨਾਸ਼ ਸਿੰਘ ਸਣੇ ਸੀਨੀਅਰ ਅਧਿਕਾਰੀ ਕੋਤਵਾਲੀ ਖੇਤਰ ਵਿੱਚ ਪਹੁੰਚੇ ਤਾਂ ਜੋ ਸਥਿਤੀ ਨੂੰ ਕਾਬੂ ਕੀਤਾ ਜਾ ਸਕੇ। ਡੀਐੱਮ ਅਵਿਨਾਸ਼ ਸਿੰਘ ਨੇ ਦੱਸਿਆ, ‘‘ਸਥਿਤੀ ਹੁਣ ਕਾਬੂ ਹੇਠ ਹੈ। ਕੋਈ ਅਣਸੁਖਾਵੀਂ ਘਟਨਾ ਦੀ ਰਿਪੋਰਟ ਨਹੀਂ ਹੈ। ਅਸੀਂ ਲੋਕਾਂ ਨੂੰ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕਰ ਰਹੇ ਹਾਂ।’’ ਅਧਿਕਾਰੀਆਂ ਨੇ ਕਿਹਾ ਕਿ ਦੋਵਾਂ ਥਾਵਾਂ ’ਤੇ ਭਾਰੀ ਸੁਰੱਖਿਆ ਬਲ ਤਾਇਨਾਤ ਕੀਤਾ ਗਿਆ ਹੈ। ਇਹ ਵਿਵਾਦ 9 ਸਤੰਬਰ ਤੋਂ ਭਖ਼ਿਆ ਹੋਇਆ ਹੈ, ਜਦੋਂ ਪੁਲੀਸ ਨੇ 4 ਸਤੰਬਰ ਨੂੰ ਇੱਕ ਬਰਾਵਤ ਜਲੂਸ ਦੌਰਾਨ ਕਾਨ-ਪੁਰ ਵਿੱਚ ਇੱਕ ਜਨਤਕ ਸੜਕ ’ਤੇ ‘ਆਈ ਲਵ ਮੁਹੰਮਦ’ ਲਿਖੇ ਬੋਰਡ ਲਗਾਉਣ ਦੇ ਦੋਸ਼ ਹੇਠ ਨੌਂ ਨਾਮਜ਼ਦ ਅਤੇ 15 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਸੀ। ਇਸ ਕਦਮ ’ਤੇ ਹਿੰਦੂ ਸੰਗਠਨਾਂ ਨੇ ਇਤਰਾਜ਼ ਪ੍ਰਗਟ ਕੀਤਾ, ਜਿਨ੍ਹਾਂ ਨੇ ਇਸ ਨੂੰ ‘ਨਵਾਂ ਰੁਝਾਨ’ ਕਰਾਰ ਦਿੱਤਾ ਅਤੇ ਦੋਸ਼ ਲਗਾਇਆ ਕਿ ਇਹ ਜਾਣ-ਬੁੱਝ ਕੇ ਭੜਕਾਇਆ ਗਿਆ ਸੀ। AIMIM ਮੁਖੀ ਅਸਦੁਦੀਨ ਓਵਾਇਸੀ ਦੇ ਇਸ ਦਾਅਵੇ ਤੋਂ ਬਾਅਦ ਇਸ ਵਿਵਾਦ ਨੇ ਵਿਆਪਕ ਧਿਆਨ ਖਿੱਚਿਆ ਕਿ ‘ਆਈ ਲਵ ਮੁਹੰਮਦ’ ਕਹਿਣਾ ਕੋਈ ਅਪਰਾਧ ਨਹੀਂ ਹੈ। ਇਹ ਵਿਵਾਦ ਜਲਦੀ ਹੀ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਬਰੇਲੀ ਵੀ ਸ਼ਾਮਲ ਹੈ, ਅਤੇ ਉੱਤਰਾਖੰਡ ਅਤੇ ਕਰਨਾਟਕ ਵਰਗੇ ਸੂਬਿਆਂ ਵਿੱਚ ਫੈਲ ਗਿਆ, ਵਿਰੋਧ ਪ੍ਰਦਰਸ਼ਨ ਅਤੇ ਪੁਲੀਸ ਕਾਰਵਾਈਆਂ ਸ਼ੁਰੂ ਹੋ ਗਈਆਂ।

## ਫਗਵਾੜਾ ਨੇੜੇ ਪੋਲਟਰੀ ਫਾਰਮ ’ਚੋਂ ਪਟਾਕਿਆਂ ਦਾ ਵੱਡਾ ਜ਼ਖੀਰਾ ਬਰਾਮਦ, ਤਿੰਨ ਗ੍ਰਿਫ਼ਤਾਰ



**ਫਗਵਾੜਾ।** ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਪੁਲੀਸ ਨੇ ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ ਇਕ ਵੱਡੀ ਕਾਰਵਾਈ ਵਿਚ ਵੀਰਵਾਰ ਦੇਰ ਰਾਤ ਫਗਵਾੜਾ ਨੇੜੇ ਪਿੰਡ ਮੇਹਲੀ ਦੇ ਪੋਲਟਰੀ ਫਾਰਮ ਤੋਂ ਪਟਾਕਿਆਂ ਤੇ ਵਿਸਫੋਟਕ ਸਮੱਗਰੀ ਦਾ ਵੱਡਾ ਜ਼ਖੀਰਾ ਬਰਾਮਦ ਕੀਤਾ ਹੇ। ਨਵਾਂਸ਼ਹਿਰ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸਐੱਸਪੀ ਮਹਿਤਾਬ ਦੀ ਨਿਗਰਾਨੀ ਹੇਠ ਕੀਤੀ ਇਸ ਕਾਰਵਾਈ ਵਿਚ 3850 ਕਿਲੋ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਗਈ ਹੈ ਜਿਸ ਦੀ ਕੀਮਤ ਵਿਚ ਲੱਖਾਂ ਵਿਚ ਦੱਸੀ ਜਾਂਦੀ ਹੈ। ਡੀਜੀਪੀ ਗੌਰਵ ਯਾਦਵ ਨੇ ਵੀਰਵਾਰ ਦੇਰ ਰਾਤ ਇਸ ਘਟਨਾ ਦੀ ਪੁਸ਼ਟੀ ਕੀਤੀ ਅਤੇ ਇਸ ਨੂੰ ਦਸਹਿਰੇ ਵਰਗੇ ਤਿਉਹਾਰ ਤੋਂ ਪਹਿਲਾਂ ਇੱਕ ਅਹਿਮ ਪ੍ਰਾਪਤੀ ਦੱਸਿਆ। ਖੁਫੀਆ ਜਾਣਕਾਰੀ ਦੇ ਅਧਾਰ ’ਤੇ ਕਾਰਵਾਈ ਕਰਦੇ ਹੋਏ ਪੁਲੀਸ ਟੀਮ ਨੇ ਫਗਵਾੜਾ ਨੇੜੇ ਪਿੰਡ ਮੇਹਲੀ ਪੀਐੱਸ ਬਹਿਰਾਮ ਵਿੱਚ ਇੱਕ ਪੋਲਟਰੀ ਫਾਰਮ ’ਤੇ ਛਾਪਾ ਮਾਰਿਆ ਜਿੱਥੇ ਕਥਿਤ ਤੌਰ '’ਤੇ ਇੱਕ ਗੈਰ-ਕਾਨੂੰਨੀ ਪਟਾਕੇ ਬਣਾਉਣ ਦਾ ਕਾਰੋਬਾਰ ਅਤੇ ਸਟੋ-ਰੇਜ ਯੂਨਿਟ ਚਲਾਇਆ ਜਾ ਰਿਹਾ ਸੀ।ਡੀਆਈਜੀ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਸਟੇਸ਼ਨ ਬਹਿਰਾਮ ਵਿੱਚ ਵਿਸਫੋਟਕ ਪਦਾਰਥ ਐਕਟ ਦੀ ਧਾਰਾ 9ਬੀ ਅਤੇ ਧਾਰਾ 288 ਅਤੇ 125 ਬੀ.ਐਨ.ਐਸ. ਤਹਿਤ ਤਿੰਨ ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਆਰਿਫ ਅਤੇ ਮੁਸਤਕੀਮ ਅਲੀ, ਦੋਵੇਂ ਮੁਜ਼ੱਫਰਨਗਰ, ਉੱਤਰ ਪ੍ਰਦੇਸ਼ ਅਤੇ ਫਿਰੋਜ਼, ਬਾਗਪਤ, ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਡੀਜੀਪੀ ਯਾਦਵ ਨੇ ਦੱਸਿਆ ਕਿ ਬਰਾਮਦ ਕੀਤੇ ਵਿਸਫੋਟਕਾਂ ਵਿੱਚ 400 ਕਿਲੋਗ੍ਰਾਮ ਵਜ਼ਨ ਵਾਲੇ ਪੋਟਾਸ਼ ਦੇ ਅੱਠ ਥੈਲੇ, 1,050 ਕਿਲੋਗ੍ਰਾਮ ਵਜ਼ਨ ਵਾਲੇ ਪਟਾਕਿਆਂ ਦੇ 70 ਪੈਕ ਕੀਤੇ ਡੱਬੇ, 1,600 ਕਿਲੋਗ੍ਰਾਮ ਵਜ਼ਨ ਵਾਲੇ ਫਾਇਰ-ਬੇਸ ਪਟਾਕਿਆਂ ਦੇ 100 ਡੱਬੇ ਅਤੇ 800 ਕਿਲੋਗ੍ਰਾਮ ਵਜ਼ਨ ਵਾਲੇ ਗਰਾਊਂਡਿਡ ਕੋਲੇ ਦੇ 40 ਥੈਲੇ ਸ਼ਾਮਲ ਹਨ।



# ਪ੍ਰਸ਼ਾਂਤ ਕੁਮਾਰ ਮਿਸ਼ਰਾ ਜਨਰਲ ਮੈਨੇਜਰ ਨੇ ਰੇਲ ਕੋਚ ਫੈਕਟਰੀ ਦਾ ਦੌਰਾ ਕੀਤਾ

**ਕਪੂਰਥਲਾ, ( ਕੌੜਾ)-** ਸ਼੍ਰੀ ਪ੍ਰਸ਼ਾਂਤ ਕੁਮਾਰ ਮਿਸ਼ਰਾ, ਜਨਰਲ ਮੈਨੇਜਰ, ਨੇ ਅੱਜ ਰੇਲ ਕੋਚ ਫੈਕਟਰੀ , ਕਪੂਰਥਲਾ ਦਾ ਦੌਰਾ ਕੀਤਾ। ਇਸ ਸਮੇਂ ਉਹ ਮਾਡਰਨ ਰੇਲ ਕੋਚ ਫੈਕਟਰੀ, ਰਾਏਬਰੇਲੀ ਦੇ ਜਨਰਲ ਮੈਨੇਜਰ ਹਨ ਅਤੇ ਉਨ੍ਹਾਂ ਨੂੰ ਆਰ ਸੀ ਐੱਫ ਦੇ ਜਨਰਲ ਮੈਨੇਜਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। 1986 ਬੈਚ ਦੇ ਇੰਡੀਅਨ ਰੇਲਵੇ ਸਰਵਿਸ ਆਫ਼ ਮਕੈਨੀਕਲ ਇੰਜੀਨੀਅਰਜ਼ ਅਧਿਕਾਰੀ, ਸ਼੍ਰੀ ਮਿਸ਼ਰਾ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਭਾਰਤੀ ਰੇਲ ਵਿੱਚ ਸੇਵਾ ਨਿਭਾਈ ਹੈ। ਉਨ੍ਹਾਂ ਨੇ ਆਸਨਸੋਲ, ਮਾਲਦਾ ਅਤੇ ਅਲੀਪੁਰਦੁਆਰ ਡਿਵੀਜ਼ਨਾਂ ਦੇ ਡਿਵੀਜ਼ਨਲ ਰੇਲਵੇ ਮੈਨੇਜਰ ਅਤੇ ਦੱਖਣੀ ਪੱਛਮੀ ਰੇਲਵੇ ਦੇ ਸਹਾਇਕ ਜਨਰਲ ਮੈਨੇਜਰ ਵਰਗੇ ਅਹੁਦਿਆਂ 'ਤੇ ਸੇਵਾ ਨਿਭਾਈ ਹੈ। ਉਨ੍ਹਾਂ ਦੀ ਅਗਵਾਈ ਹੇਠ, ਆਸਨਸੋਲ ਡਿਵੀਜ਼ਨ ਨੂੰ ਰਿਕ-ਾਰਡ ਲੋਡਿੰਗ, ਮਾਲੀਆ ਅਤੇ ਸਮੁੱਚੇ ਸੁਧਾਰ ਲਈ ਲਗਾਤਾਰ ਦੋ ਵਾਰ ਸਰਵੋਤਮ ਡਿਵੀਜ਼ਨ ਪੁਰਸਕਾਰ ਮਿਲਿਆ। ਸ਼੍ਰੀ ਮਿਸ਼ਰਾ ਨੇ ਵਾਤਾਵਰਣ , ਰੇਲ ਵਿਰਾਸਤ ਅਤੇ ਸੱਭਿਆਚਾਰਕ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ, ਮਾਲਦਾ ਡਿਵੀਜ਼ਨ ਅਤੇ ਆਸਨਸੋਲ ਡਿਵੀਜ਼ਨਾਂ ਨੇ ਬੇਮਿ-ਸਾਲ ਵਿਕਾਸ ਕੀਤਾ ਅਤੇ ਵਾਤਾਵਰਣ ਅਤੇ ਵਿਰਾਸਤ ਦੇ ਖੇਤਰ ਵਿੱਚ ਇੱਕ ਨਵੀਂ ਪਛਾਣ ਸਥਾਪਤ ਕੀਤੀ। ਉਨ੍ਹਾਂ ਨੇ ਰੇਲ ਵਿਰਾਸਤ 'ਤੇ ਵਿਆਪਕ ਖੋਜ ਕੀਤੀ ਹੈ ਅਤੇ ਰੇਲ ਵਿਰਾਸਤ, ਲੀਡਰਸ਼ਿਪ




ਪ੍ਰਬੰਧਨ, ਅਤੇ ਡੀਜ਼ਲ ਲੋਕੋਮੋਟਿਵ ਰੱਖ-ਰਖਾਅ ਵਰਗੇ ਤਕਨੀਕੀ ਵਿਸ਼ਿਆਂ 'ਤੇ ਲੇਖ ਲਿਖੇ ਹਨ। ਉਨ੍ਹਾਂ ਨੇ ਭਾਰਤੀ ਰੇਲ ਵਿਰਾਸਤ 'ਤੇ ਕਈ ਕਿਤਾਬਾਂ ਵੀ ਲਿਖੀਆਂ ਹਨ। ਆਰ ਸੀ ਐੱਫ ਪਹੁੰਚਣ 'ਤੇ, ਸ਼੍ਰੀ ਮਿਸ਼ਰਾ ਦਾ ਸੀਨੀਅਰ ਅਧਿਕਾਰੀਆਂ ਦੁਆਰਾ ਭਰਵਾਂ ਸਵਾਗਤ ਕੀਤਾ ਗਿਆ। ਬਾਅਦ ਵਿੱਚ, ਉਨ੍ਹਾਂ ਨੇ ਕੋਚ ਉਤਪਾਦਨ ਅਤੇ ਨਵੇਂ ਰੇਲ ਡਿੱਬਿਆਂ ਦੇ ਵਿਕਾਸ ਨਾਲ ਸਬੰਧਤ ਵੱਖ ਵੱਖ ਮੁੱਦਿਆਂ 'ਤੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਵਿਸਤ੍ਰਿਤ ਮੀਟਿੰਗ ਕੀਤੀ। ਉਨ੍ਹਾਂ ਨੇ ਆਰ ਸੀ ਐੱਫ ਵਰਕਸ਼ਾਪ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਕੋਚ ਨਿਰਮਾਣ ਦਾ ਨਿਰੀਖਣ ਕੀਤਾ ਅਤੇ ਆਪਣੇ ਕੀਮਤੀ ਸੁਝਾਅ ਦਿੱਤੇ।

ਇਸ ਮੌਕੇ ਜਨਰਲ ਮੈਨੇਜਰ ਸ਼੍ਰੀ ਮਿਸ਼ਰਾ ਨੇ ਸਵੱਛ ਭਾਰਤ ਅਭਿਆਨ ਤਹਿਤ ਹੋਰ ਅਧਿਕਾਰੀਆਂ ਦੇ ਨਾਲ ਮਿਲ ਕੇ ਰੁੱਖ ਵੀ ਲਗਾਏ ।

ਭਾਰਤੀ ਰੇਲ ਵਿੱਚ ਆਪਣੇ ਪ੍ਰਬੰਧਕੀ ਹੁਨਰ ਲਈ ਮਸ਼ਹੂਰ ਸ਼੍ਰੀ ਪੀ.ਕੇ. ਮਿਸ਼ਰਾ ਦੀ ਇਹ ਨਵੀਂ ਨਿਯੁਕਤੀ, ਆਰ ਸੀ ਐੱਫ ਨਿਰਮਿਤ ਰੇਲ ਡਿੱਬਿਆਂ ਦੇ ਉਤਪਾਦਨ ਨੂੰ ਨਵੀਨਤਾ ਦੇਣ ਅਤੇ ਕੋਚ ਉਤਪਾਦਨ ਵਧਾਉਣ ਲਈ ਰੇਲ ਕੋਚ ਫੈਕਟਰੀ, ਕਪੂਰਥਲਾ ਦੀਆਂ ਉਮੀਦਾਂ ਅਤੇ ਯੋਜਨਾਵਾਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗੀ।

# ਸੰਗਠਨ ਸਿਰਜਣ ਮੁਹਿੰਮ ਆਖ਼ਰੀ ਦੌਰ ਬਲਾਚੌਰ ਵਿੱਚ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ** ) ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਦੀ ਨਿਯੁਕਤੀ ਲਈ ਆਲ ਇੰਡੀਆ ਕਾਂਗਰਸ ਕਮੇਟੀ ਦੇ ਵਰਕਰਾਂ ਤੋਂ ਫੀਡਬੈਕ ਲੈਣ ਲਈ ਕੇਂਦਰੀ ਤੇ ਸੂਬਾ ਅਬਜ਼ਰਵਰਾਂ ਦਾ ਆਖ਼ਰੀ ਟੂਰ ਪ੍ਰੋਗਰਾਮ ਜਾਰੀ। ਅਬਜ਼ਰਵਰ ਲਾਲਜੀ ਦੇਸਾਈ ਅਤੇ ਉਹਨਾਂ ਦੀ ਟੀਮ ਵਿੱਚ ਸਾਧੂ ਸਿੰਘ ਧਰਮਸੋਤ, ਅਸ਼ਵਨੀ ਕੁਮਾਰ ਸ਼ਰਮਾ, ਨਿਰਮਲ ਖੈਰਾ ਸਮੇਤ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕਿਆਂ ਬਲਾਚੌਰ, ਨਵਾਂਸ਼ਹਿਰ ਅਤੇ ਬੰਗਾ ਦਾ ਦੌਰਾ ਕੀਤਾ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਕਾਂਗਰਸ ਕਮੇਟੀ ਦੇ ਪ੍ਰਧਾਨ ਅਜੇ ਮੰਗੂਪੁਰ ਨੇ ਦੱਸਿਆ ਕਿ ਇਸ ਤੋਂ ਉਹਨਾਂ ਦੱਸਿਆ ਕਿ ਜਿਲ੍ਹਾ ਪ੍ਰਧਾਨ ਦੀ ਚੋਣ ਲਈ ਹੁਣ ਇਹ ਸੰਗਠਨ ਸਿਰਜਣ ਮੁਹਿੰਮ ਆਖ਼ਰੀ ਦੌਰ ਵਿੱਚ ਦਾਖਲ ਹੋ ਚੁੱਕੀ ਹੈ। ਚੋਣ ਅਬਜ਼ਰਵਰਾਂ ਵਲੋਂ ਹੁਣ ਆਪਣੇ ਟੂਰ ਦਾ ਪ੍ਰੋਗਰਾਮ



ਜਾਰੀ ਕਰ ਦਿੱਤਾ ਗਿਆ ਹੈ। ਇਸ ਪ੍ਰੋਗਰਾਮ ਵਲੋਂ ਜਾਰੀ ਕੀਤੇ ਗਏ 4 ਦਿਨ ਟੂਰ ਦੇ ਪ੍ਰੋਗਰਾਮ ਅਨੁਸਾਰ ਅੱਜ ਮਿਤੀ 27 ਸਤੰਬਰ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਮੀਟਿੰਗ ਕਰਨ ਉਪਰੰਤ ਬਲਾਕ ਕਮੇਟੀ ਬਲਾਚੌਰ ਅਤੇ ਬਲਾਕ ਕਮੇਟੀ ਸੜੋਆ ਦੇ ਪਾਰਟੀ ਵਰਕਰਾਂ ਨਾਲ ਰਾਬਤਾ ਕਾਇਮ ਕਰਨਗੇ। ਇਸੇ ਤਰ੍ਹਾਂ ਮਿਤੀ 28 ਸਤੰਬਰ ਨੂੰ ਬਲਾਕ ਨਵਾਂਸ਼ਹਿਰ-1 ਅਤੇ ਬਲਾਕ ਨਵਾਂਸ਼ਹਿਰ-2 ਦੇ ਵਰਕਰਾਂ ਨਾਲ ਨਵਾਂਸ਼ਹਿਰ ਵਿਖੇ ਜਦੋਂਕਿ ਮਿਤੀ 29 ਸਤੰਬਰ ਨੂੰ ਬੰਗਾ ਵਿਖੇ ਪਾਰਟੀ ਵਰਕਰਾਂ ਨਾਲ ਅਤੇ 30 ਸਤੰਬਰ ਨੂੰ ਪਾਰਟੀ ਦੇ ਅਹੁਦੇਦਾਰਾਂ ਨਾਲ ਸੰਗਠਨ ਸਿਰਜਣ ਮੁਹਿੰਮ 'ਚ ਹਿੱਸਾ ਲੈਣਗੇ।

# ਜ਼ਿਲ੍ਹੇ 'ਚ ਹਥਿਆਰਾਂ ਦੇ ਜਨਤਕ ਅਤੇ ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ 'ਤੇ ਪਾਬੰਦੀ

***ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਜਨਤਕ ਥਾਂਵਾਂ 'ਤੇ ਨਾਅਰੇ ਲਾਉਣ, ਭੜਕਾਊ ਭਾਸ਼ਣ ਦੇਣ, ਬਿਨਾਂ ਪ੍ਰਵਾਨਗੀ ਜਲੂਸ ਕੱਢਣ, ਮੀਟਿੰਗ-ਰੈਲੀ ਕਰਨ 'ਤੇ ਰੋਕ***

***ਪੈਟਰੋਲ ਪੰਪਾਂ ਅਤੇ ਬੈਂਕਾਂ 'ਚ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੇ ਹੁਕਮ***

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਮੈਜਿਸਟਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ 'ਚ ਕਿਸੇ ਵੀ ਤਰ੍ਹਾਂ ਦੇ ਮੈਰਿਜ ਪੈਲੇਸ/ਰਿਜ਼ੋਰਟ, ਮੇਲੇ, ਧਾਰਮਿਕ ਸਥਾਨਾਂ, ਜਲੂਸ, ਬਰਾਤ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ/ਜਨਤਕ ਇਕੱਠਾਂ ਅਤੇ ਵਿੱਦਿਅਕ ਅਦਾਰਿਆਂ 'ਚ ਅਸਲਾ/ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਲਗਾਈ ਹੈ। ਇਸ ਤੋਂ ਇਲਾਵਾ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ, ਸੋਸ਼ਲ ਮੀਡੀਆ 'ਤੇ ਪ੍ਰਦਰਸ਼ਨ 'ਤੇ ਵੀ ਉਕਤ ਪਾਬੰਦੀ ਲਾਗੂ ਰਹੇਗੀ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਹਥਿਆਰਾਂ ਜਾਂ ਹਿੰਸਾ ਨੂੰ ਹੁਲਾਰਾ ਦੇਣ ਵਾਲੇ ਗੀਤ ਵੀ ਇਸ ਪਾਬੰਦੀ/ਮਨਾਹੀ ਦੇ ਘੇਰੇ 'ਚ ਸ਼ਾਮਿਲ ਹਨ। ਇਸ ਸਬੰਧੀ ਜ਼ਿਲ੍ਹਾ ਪੁਲਿਸ ਵੱਲੋਂ ਵੱਖ-ਵੱਖ ਇਲਾਕਿਆਂ ਵਿਚ ਅਚਨਚੇਤ ਚੈਕਿੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਵਾਲੇ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਜਾਵੇਗੀ ਅਤੇ ਸਖਤ ਕਾਰਵਾਈ ਕੀਤੀ ਜਾਵੇਗੀ। ਇੱਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਜ਼ਿਲ੍ਹੇ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ



ਰੱਖਣ ਵਾਸਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਜਨਤਕ ਥਾਂਵਾਂ ਤੇ ਕਿਸੇ ਵਿਅਕਤੀ ਵਲੋਂ ਨਾਅਰੇ ਲਾਉਣ/ ਭੜਕਾਊ ਭਾਸ਼ਣ ਦੇਣ, ਜਨਤਕ ਥਾਵਾਂ 'ਤੇ ਬਿਨਾਂ ਪ੍ਰਵਾਨਗੀ ਜਲੂਸ ਕੱਢਣ/ਮੀਟਿੰਗ ਕਰਨ/ਰੈਲੀ ਕਰਨ 'ਤੇ ਪਾਬੰਦੀ ਲਾਈ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਹਾਲਤਾਂ ਵਿਚ ਉੱਪ ਮੰਡਲ ਮੈਜਿਸਟ੍ਰੇਟ ਪਾਸੋਂ ਅਗਾਊਂ ਪ੍ਰਵਾਨਗੀ ਲੈ ਕੇ ਜਨਤਕ ਮੀਟਿੰਗਾਂ, ਜਲੂਸ ਜਾਂ ਰੈਲੀ ਕੀਤੀ ਜਾ ਸਕਦੀ ਹੈ। ਇਹ ਹੁਕਮ ਪੁਲਿਸ/ ਆਰਮੀ ਵਰਦੀ ਵਿੱਚ ਮਿਲਟਰੀ ਅਮਲਾ, ਡਿਊਟੀ 'ਤੇ ਤਾਇਨਾਤ ਕੋਈ ਹੋਰ ਸਰਕਾਰੀ ਕਰਮਚਾਰੀ ਅਤੇ ਵਿਆਹ/ਸ਼ਾਦੀ/ ਸ਼ੋਕਮਈ ਇਕੱਠ/ ਧਾਰਮਿਕ ਅਸਥਾਨਾਂ/ ਸੰਸਥਾਵਾਂ ਦੇ ਅੰਦਰ-ਪ੍ਰਮਾਤਮਾ/ ਅਕਾਲ ਪੁਰਖ ਦੀ ਉਸਤਿਤ ਸ਼ਬਦ ਕੀਰਤਨ ਕਰਨ 'ਤੇ ਲਾਗੂ ਨਹੀਂ ਹੋਵੇਗਾ। ਜ਼ਿਲ੍ਹਾ ਮੈਜਿਸਟਰੇਟ ਨੇ ਇੱਕ ਹੋਰ ਹੁਕਮ ਰਾਹੀਂ ਜ਼ਿਲੇ ਵਿਚ ਕਿਸੇ ਵਿਅਕਤੀ/ਸੰਸਥਾ ਵੱਲੋਂ ਸਰਕਾਰੀ/ਪੰਚਾਇਤੀ ਜਗਾ 'ਤੇ ਕੋਈ ਗੇਟ ਉਸਾਰਨ 'ਤੇ ਪਾਬੰਦੀ ਲਾਈ ਹੈ। ਜੇਕਰ ਅਜਿਹਾ ਕੋਈ ਯਾਦਗਾਰੀ ਗੇਟ ਉਸਾਰਨਾ ਹੋਵੇ ਤਾਂ ਪਹਿਲਾਂ ਸਬੰਧਤ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਮੰਨਜ਼ੂਰੀ ਦਫ਼ਤਰ ਜ਼ਿਲਾ ਮੈਜਿਸਟ੍ਰੇਟ ਤੋਂ ਲਈ ਜਾਵੇ। ਇਸ ਤਰ੍ਹਾਂ ਜ਼ਿਲ੍ਹੇ ਵਿੱਚ ਪੈਂਦੀਆਂ ਬੈਂਕਾਂ ਦੇ ਮੈਨੇਜਰਾਂ ਅਤੇ ਪੈਟਰੋਲ ਪੰਪਾਂ ਦੇ ਮਾਲਕਾਂ ਨੂੰ ਆਪਣੇ-ਆਪਣੇ ਪੈਟਰੋਲ ਪੰਪਾਂ ਅਤੇ ਬੈਂਕਾਂ ਵਿੱਚ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ, ਜਿਨ੍ਹਾਂ ਵਿੱਚ ਘੱਟ ਤੋਂ ਘੱਟ 07 ਦਿਨਾਂ ਦੀ ਰਿਕਾਰਡਿੰਗ ਸਮਰੱਥਾ ਹੋਵੇ। ਜਾਰੀ ਹੁਕਮ ਵਿੱਚ ਜ਼ਿਲਾ ਮੈਜਿਸਟ੍ਰਟ ਨੇ ਕਿਹਾ ਹੈ ਕਿ ਉਨਾਂ ਦੇ ਧਿਆਨ ਵਿਚ ਆਇਆ ਹੈ ਕਿ ਪੈਟਰੋਲ ਪੰਪ ਅਤੇ ਬੈਂਕਾਂ ਵਿੱਚ ਡਕੈਤੀ/ਚੋਰੀ ਦੀਆਂ ਵਾਰਦਾਤਾਂ ਸਮੇਂ-ਸਮੇਂ ਤੇ ਹੋ ਰਹੀਆਂ ਹਨ। ਇੰਨ੍ਹਾਂ ਡਕੈਤੀਆਂ ਦੌਰਾਨ ਲੁਟੇਰੇ, ਹਥਿਆਰਾਂ ਸਮੇਤ ਜਾਂਦੇ ਹਨ ਅਤੇ ਜ਼ਬਰਨ ਦਾਖਲ ਹੋ ਕੇ ਲੁੱਟ-ਮਾਰ ਕਰਦੇ ਹਨ, ਜਿਸ ਨਾਲ ਆਮ ਜਨਤਾ ਦੀ ਜਾਨ-ਮਾਲ ਦਾ ਖਤਰਾ ਪੈਦਾ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਲੁਟੇਰਿਆਂ ਪਾਸ ਖਤਰਨਾਕ ਹਥਿਆਰ ਹੁੰਦੇ ਹਨ। ਬੈਂਕਾਂ ਅਤੇ ਪੈਟਰੋਲ ਪੰਪਾਂ ਉੱਤੇ ਸੀ.ਸੀ.ਟੀ.ਵੀ ਕੈਮਰੇ ਲੱਗਣ ਨਾਲ ਇਨ੍ਹਾਂ ਵਾਰਦਾਤਾਂ ਨੂੰ ਰੋਕਣ ਵਿੱਚ ਸਹਾਇਤਾ ਮਿਲੇਗੀ। ਇਹ ਹੁਕਮ 30 ਨਵੰਬਰ 2025 ਤੱਕ ਲਾਗੂ ਰਹਿਣਗੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੀ.ਏ.ਯੂ. ਲੁਧਿਆਣਾ ਦੇ ਦੋ ਰੋਜ਼ਾ ਕਿਸਾਨ ਮੇਲੇ ਮੌਕੇ ਬਰਾੜ ਐਗਰੀਕਲਚਰ ਫਾਰਮ ਲੁਧਿਆਣਾ ਤੇ ਕਿਸਾਨਾਂ ਦੀਆਂ ਲੱਗੀਆਂ ਰੌਣਕਾਂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੀ.ਏ.ਯੂ. ਲੁਧਿਆਣਾ ਦੇ ਦੋ ਰੋਜ਼ਾ ਕਿਸਾਨ ਮੇਲੇ ਮੌਕੇ ਬਰਾੜ ਐਗਰੀਕਲਚਰ ਫਾਰਮ ਲੁਧਿਆਣਾ ਤੇ ਕਿਸਾਨਾਂ ਦੀਆਂ ਲੱਗੀਆਂ ਰੌਣਕਾਂ । ਇਸ ਮੌਕੇ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਕਿਸਾਨਾਂ ਨੂੰ ਦਿੱਤੀ ਗਈ । ਬਰਾੜ ਐਗਰੀਕਲਚਰ ਫਾਰਮ ਦੇ ਐਮ.ਡੀ. ਹਰਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਮੇਲੇ ਵਿੱਚ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਗਈ ਜਿਨਾਂ ਵਿੱਚੋਂ ਮੁੱਖ ਤੌਰ ਤੇ ਆਈ ਏ ਆਰ ਆਈ ਦਿੱਲੀ ਵੱਲੋਂ ਪਾਸ ਕਣਕ ਦੀ ਨਵੀਂ ਕਿਸਮ ਐਚਡੀ 3386 ਹੈ। ਇਸ ਦੀ ਬਿਜਾਈ ਦਾ ਸਮਾਂ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਹੈ । ਇਸ ਦਾ ਔਸਤਨ ਕਦ 100 ਸੈਂ.ਮੀ ਤੱਕ ਹੁੰਦਾ ਹੈ । ਇਹ ਕਿਸਮ 140 ਤੋਂ 145 ਦਿਨ ਵਿੱਚ ਪੱਕਦੀ ਹੈ । ਇਸ ਕਿਸਮ ਦਾ ਫੁਟਾਰਾ ਬਹੁਤ ਜ਼ਿਆਦਾ ਹੁੰਦਾ ਹੈ । ਇਹ ਕਿਸਮ ਪੀਲੀ ਕੁੰਗੀ ਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਸ ਕਿਸਮ ਦਾ ਝਾੜ ਹੁਣ ਤੱਕ ਆਈਆਂ ਕਿਸਮਾਂ ਨਾਲੋਂ ਵੱਧ ਨਿਕਲਿਆ ਹੈ । ਇਹ ਕਿਸਮ ਡਿੱਗਦੀ ਨਹੀਂ ਹੈ । ਇਸ ਦੇ ਦਾਣੇ ਮੋਟੇ ਤੇ ਚਮਕਦਾਰ ਹੁੰਦੇ ਹਨ ਅਤੇ ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੈ ਤੇ ਖਾਣ ਲਈ ਬਹੁਤ



ਸਵਾਦੀ ਹੁੰਦੀ ਹੈ। ਇਸ ਕਿਸਮ ਨੂੰ ਪੰਜਾਬ, ਹਰਿਆਣਾ, ਯੂ.ਪੀ. ਆਦਿ ਰਾਜਾਂ ਵਿੱਚ ਬੀਜਣ ਦੀ ਸਿਫਾਰਿਸ਼ ਕੀਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀ ਲਾਹੇਵੰਦ ਕਿਸਮ ਪੀ. .ਏ.ਯੂ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀ ਨਵੀਂ ਕਿਸਮ ਪੀ ਬੀ ਡਬਲਿਊ 872 ਹੈ (ਜਾਣਕਾਰੀ ਹਿਤ) ਇਸ ਦਾ ਕੱਦ 100 ਸੈਂ. ਮੀ ਤੱਕ ਹੁੰਦਾ ਹੈ । ਇਹ ਕਿਸਮ ਤਕਰੀਬਨ 152 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਇਸ ਕਿਸਮ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ । ਇਹ ਕਿਸਮ ਗਰਮੀ ਦੇ ਤਾਪਮਾਨ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਹ ਕਿਸਮ ਭੂਰੀ ਤੇ ਪੀਲੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ, ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ । ਇਹ ਕਿਸਮ ਅਗੇਤੀ ਅਤੇ ਪਿਛੇਤੀ ਕਿਸਮ ਹੈ ਇਸ ਦੀ ਬੀਜਾਈ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਕੀਤੀ ਜਾ ਸਕਦੀ ਹੈ।

ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਡੀ ਬੀ ਡਬਲਊ 327, ਡੀ ਬੀ ਡਬਲਊ 371, 372 , ਡੀ ਬੀ ਡਬਲਊ 222, ਡੀ ਬੀ ਡਬਲਊ 187, ਐਚਡੀ 3086 ਵੀ ਕਿਸਮਾਂ ਵਧੇਰੇ ਲਾਹੇਵੰਦ ਹਨ । ਉਹਨਾਂ ਦੱਸਿਆ ਕਿ ਚਾਰੇ ਦੀਆਂ ਕਿਸਮਾਂ ਦੀ ਬਿਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ ਜਿਨ੍ਹਾਂ ਵਿੱਚੋਂ ਬਰਸੀਮ ਬੀ ਐਲ 10, ਹਾੜ੍ਹ, ਬੀਐਲ 42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾਂ ਕੈਂਟ ਹੋਰ ਕਿਸਮਾਂ ਛੋਲੇ ,ਮਸਰ , ਮਟਰ, ਅਲਸੀ, ਸਰ੍ਹੋਂਆ, ਤੋਰੀਆ, ਰਾਹਿਆ ਸਰੋਂ, ਗੋਭੀ ਸਰ੍ਹੋਂ ਕਿਸਮਾਂ ਦੀ ਬਿਜਾਈ ਕਰਕੇ ਕਿਸਾਨ ਭਰਾ ਵਧੇਰੇ ਮੁਨਾਫਾ ਲੈ ਸਕਦੇ ਹਨ । ਇਸ ਮੌਕੇ ਨਵਰੂਪ ਬਰਾੜ, ਮੈਨੇਜਰ ਕਮਲ ਸ਼ਰਮਾ, ਜਗਤਾਰ ਬਾਠ, ਹਰਪਾਲ ਸਿੰਘ , ਰਾਮ ਬਹਾਦਰ, ਮੁਸ਼ਤਾਕ ਅਹਿਮਦ, ਪ੍ਰੀਤ ਮੋਹਨ ਸਿੰਘ ਗਿੱਲ ਆਦਿ ਹਾਜ਼ਰ ਸਨ ।

# ਕਾਰ ਅਤੇ ਮੋਟਰਸਾਈਕਲ ਦੀ ਟੱਕਰ ਵਿਚ ਮੋਟਰਸਾਈਕਲ ਸਵਾਰ ਵਿਆਕਤੀ ਅਤੇ ਔਰਤ ਗੰਭੀਰ ਜਖਮੀ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ ਬਲਾਚੌਰ ਨੈਸ਼ਨਲ ਹਾਈਵੇ ਨੇੜੇ ਪਿੰਡ ਟੌਂਸਾ ਅੱਡੇ ਤੇ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਟ੍ਰੋਲਰ ਰੂਮ ਤੋਂ ਸੂਚਨਾ ਪ੍ਰਾਪਤ ਹੋਈ ਸੀ ਐਕਸੀਡੈਂਟ ਹੋ ਗਿਆ ਉਨ੍ਹਾਂ ਨੇ ਮੌਕੇ ਤੇ ਜਾ ਕੇ ਦੇਖਿਆ ਇਕ ਮੋਟਰਸਾਈਕਲ ਜਿਸ ਦਾ ਨੰਬਰ ਪੀ ਬੀ 20 ਡੀ 6759 ਜਿਸ ਨੂੰ ਅਵਤਾਰ ਪੁੱਤਰ ਬੁੱਧੂ ਰਾਮ,ਪਿੰਡ ਟੌਂਸਾ ਚਲਾ ਰਿਹਾ ਸੀ ਇਸ ਦੇ ਪਿੱਛੇ ਇੱਕ ਔਰਤ ਬੈਠੀ ਜੋ ਕਿ ਰੋਪੜ ਤੋਂ ਬਲਾਚੌਰ ਵਾਲੀ ਸਾਇਡ ਆ ਰਿਹਾ ਸੀ। ਇਸ ਦੇ ਪਿੱਛੇ ਰੋਪੜ ਵਾਲੀ ਸਾਇਡ ਇੱਕ ਇਨੋਵਾ ਕਾਰ ਜਿਸ ਦਾ ਨੰਬਰ ਸੀ ਐਚ 01 ਸੀ ਟੀ 1711 ਜਿਸ ਨੂੰ ਸੰਦੀਪ ਮੋਂਗਾ ਪੁੱਤਰ ਮਦਨ







ਲਾਲ ਮੋਂਗਾ ਪੰਚਕੂਲਾ ਸੈਕਟਰ 20 ਚਲਾ ਰਿਹਾ ਸੀ ਜਦੋਂ ਇਹ ਕਾਰ ਟੌਂਸਾ ਦੇ ਕੱਟ ਨੇੜੇ ਪਹੁੰਚੀ ਤਾਂ ਇਸ ,ਅੱਗੇ ਜੋ ਮੋਟਰਸਾਈਕਲ ਜਾ ਰਿਹਾ ਉਸਨੇ ਬਿਨਾਂ ਦੇਖਿਆ ਮੋਟਰਸਾਈਕਲ ਇੱਕ ਦਮ ਮੋੜ ਦਿੱਤਾ ਜਿਸ ਨਾਲ ਕਾਰ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਮੋਟਰਸਾਈਕਲ ਸਵਾਰ ਵਿਅਕਤੀ ਅਤੇ ਮੋਟਰਸਾਈਕਲ ਔਰਤ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਜਿਹਨਾਂ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਰਾਹੀ ਇਲਾਜ਼ ਲਈ ਰੋਪੜ੍ਹ ਦੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ।ਹਾਦਸੇ ਵਿਚ ਕਾਰ ਅਤੇ ਮੋਟਰਸਾਈਕਲ ਬੁਰੀ ਤਰ੍ਹਾਂ ਨਾਲ ਨੁਕਸਾਨੇ ਗਏ ਹਨ।ਅਤੇ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ। ਐਸ ਐਸ ਐਫ ਦੀ ਟੀਮ ਵਲੋਂ ਕਾਰ ਅਤੇ ਮੋਟਰਸਾਈਕਲ ਨੂੰ ਸਾਈਡ ਤੇ ਕਰਵਾ ਕੇ ਆਵਾਜਾਈ ਨੂੰ ਸਚਾਰੂ ਢੰਗ ਨਾਲ ਬਹਾਲ ਕਰਵਾਈਆਂ ਗਿਆ ਅਤੇ ਕਾਰ ਅਤੇ ਮੋਟਰਸਾਈਕਲ ਨੂੰ ਆਸਰੋਂ ਚੌਂਕੀ ਦੇ ਹਵਾਲੇ ਕਰ ਦਿੱਤਾ ਗਿਆ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਨੇ ਐਨਐਸਐਸ ਦਿਵਸ ਮਨਾਇਆ

**ਨਵਾਂਸ਼ਹਿਰ /ਕਾਠਗੜ੍ਹ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਐਨਐਸਐਸ ਦਿਵਸ ਬੜੇ ਜੋਸ਼ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਇਆ। ਇਹ ਸਮਾਗਮ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਨਾਲ ਸ਼ੁਰੂ ਹੋਇਆ ਜਿਨ੍ਹਾਂ ਨੇ ਕਵਿਤਾਵਾਂ, ਭਾਸ਼ਣ ਪੇਸ਼ ਕੀਤੇ ਅਤੇ ਸਮਾਜ ਪ੍ਰਤੀ ਸੇਵਾ ਅਤੇ ਜ਼ਿੰਮੇਵਾਰੀ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਂਦੇ ਹੋਏ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ। ਯੂਨੀਵਰਸਿਟੀ ਨੂੰ ਮੁੱਖ ਮਹਿਮਾਨ ਵਜੋਂ ਸਰਕਾਰੀ ਕਾਲਜ ਰੋਪੜ ਦੇ ਪ੍ਰਿੰਸੀਪਲ ਡਾ. ਜਤਿੰਦਰ ਸਿੰਘ ਗਿੱਲ ਦੀ ਮੌਜੂਦਗੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਅਮਨ ਸਿੰਘ ਨੇ ਵਲੰਟੀਅਰਾਂ ਨੂੰ "ਸਾਕਾ ਚਮਕੌਰ ਸਾਹਿਬ" ਕਿਤਾਬ ਭੇਟ ਕੀਤੀ ਅਤੇ ਉਨ੍ਹਾਂ ਨੂੰ ਸ਼੍ਰੀ ਚਮਕੌਰ ਸਾਹਿਬ ਦੇ ਅਮੀਰ ਇਤਿਹਾਸ ਤੋਂ ਜਾਣੂ ਕਰਵਾਇਆ, ਜਿਸ ਨਾਲ ਨੌਜਵਾਨਾਂ ਨੂੰ ਹਿੰਮਤ ਅਤੇ ਕੁਰਬਾਨੀ ਦੇ ਸਬਕ ਸਿਖਾਏ ਗਏ। ਇਸ ਜਸ਼ਨ ਵਿੱਚ ਸੰਗਠਨ ਦੁਆਰਾ ਚੁਣੇ ਗਏ ਨੌਜਵਾਨ ਨੇਤਾਵਾਂ ਦੀ ਮਾਨਤਾ ਵੀ ਸ਼ਾਮਲ ਸੀ, ਜਿਨ੍ਹਾਂ ਨੂੰ ਉਨ੍ਹਾਂ ਦੇ ਸਮਰਪਣ ਅਤੇ ਸੇਵਾ ਲਈ ਸਨਮਾਨਿਤ ਕੀਤਾ



ਗਿਆ ਸੀ। ਵਿਦਿਆਰਥੀ ਐਨਐਸਐਸ ਅਤੇ ਸ਼ਖ਼ਸੀਅਤ ਵਿਕਾਸ ਅਤੇ ਰਾਸ਼ਟਰ ਨਿਰਮਾਣ ਵਿੱਚ ਇਸਦੀ ਭੂਮਿਕਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਅੱਗੇ ਆਏ। ਸਮਾਰੋਹ ਦੇ ਹਿੱਸੇ ਵਜੋਂ, ਸਾਰੇ ਵਿਦਿਆਰਥੀਆਂ ਨੇ ਐਨਐਸਐਸ ਸਹੁੰ ਚੁੱਕੀ, ਨਿਰਸਵਾਰਥ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਇਸ ਸਮਾਗਮ ਨੂੰ ਹੋਰ ਵੀ ਪ੍ਰਸਿੱਧ ਪਤਵੰਤਿਆਂ ਦੀ ਮੌਜੂਦਗੀ ਨੇ ਹੋਰ ਵੀ ਰੌਣਕ ਦਿੱਤੀ: ਸ਼੍ਰੀ ਨਿਰਮਲ ਸਿੰਘ ਰਿਆੜ, ਚਾਂਸਲਰ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ, ਡਾ. ਏ.ਐਸ. ਚਾਵਲਾ, ਵਾਈਸ ਚਾਂਸਲਰ; ਪ੍ਰੋਫੈਸਰ ਬੀ.ਐਸ. ਸਤਿਆਲ, ਰਜਿਸਟਰਾਰ; ਡਾ. ਨਵਨੀਤ ਚੋਪੜਾ, ਡੀਨ ਅਕਾਦਮਿਕ; ਅਤੇ ਸੀਈਓ ਸ਼੍ਰੀ ਵਿਮਲ ਮਨਹੋਤਰਾ, ਜਿਨ੍ਹਾਂ ਦੇ ਉਤਸ਼ਾਹ ਭਰੇ ਸ਼ਬਦਾਂ ਨੇ ਵਲੰਟੀਅਰਾਂ ਨੂੰ ਆਪਣੀ ਸੇਵਾ ਯਾਤਰਾ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਰਤਨ ਕੌਰ ਸਹਾਇਕ ਡਾਇਰੈਕਟਰ ਯੁਵਾ ਸੇਵਾਵਾਂ ਅਤੇ ਡਾ. ਸੋਹਣੂ ਸੈਣੀ ਕੋਆਰਡੀਨੇਟਰ ਐਨਐਸਐਸ, ਕਾਲਜ ਆਫ਼ ਲਾਅ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ ਸੀ। ਐਨਐਸਐਸ ਦਿਵਸ ਸਮਾਰੋਹ ਏਕਤਾ, ਸਮਰਪਣ ਅਤੇ ਪ੍ਰੇਰਨਾ ਦੀ ਭਾਵਨਾ ਨਾਲ ਸਮਾਪਤ ਹੋਇਆ, ਜਿਸ ਨਾਲ ਵਿਦਿਆਰਥੀਆਂ ਨੂੰ ਐਨਐਸਐਸ - ਨਾਟ ਮੀ, ਬਟ ਯੂ ਦੇ ਮੁੱਲਾਂ ਨੂੰ ਬਰਕਰਾਰ ਰੱਖਣ ਲਈ ਪ੍ਰੇਰਿਤ ਕੀਤਾ ਗਿਆ।

# ਲੋਕ ਸਭਾ ਮੈਂਬਰ ਡਾ. ਚੱਬੇਵਾਲ ਤੇ ਵਿਧਾਇਕ ਜਿੰਪਾ ਨੇ ਕਰਵਾਈ ਝੋਨੇ ਦੀ ਖ਼ਰੀਦ ਦੀ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਅਤੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸਥਾਨਕ ਅਨਾਜ ਮੰਡੀ ਵਿਖੇ ਝੋਨੇ ਦੀ ਖ਼ਰੀਦ ਦੀ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਪਿੰਡ ਪੰਡੋਰੀ ਬੀਬੀ ਦੇ ਕਿਸਾਨ ਕੁਲਵਿੰਦਰ ਸਿੰਘ ਦੇ ਝੋਨੇ ਦੀ ਢੇਰੀ ਦੀ ਨਿਲਾਮੀ ਕਰਵਾ ਕੇ ਖ਼ਰੀਦ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ। ਦੋਵਾਂ ਆਗੂਆਂ ਨੇ ਮੰਡੀ ਦੇ ਪ੍ਰਬੰਧਾਂ ਦਾ ਨੇੜਿਓਂ ਜਾਇਜ਼ਾ ਲਿਆ ਅਤੇ ਕਿਸਾਨਾਂ ਨੂੰ ਸੁਚਾਰੂ ਢੰਗ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ। ਲੋਕ ਸਭਾ ਮੈਂਬਰ ਡਾ. ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਪ੍ਰਤੀ ਵਚਨਬੱਧ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਝੋਨੇ ਦਾ ਇਕ-ਇਕ ਦਾਣਾ ਮੰਡੀਆਂ ਵਿਚੋਂ ਖ਼ਰੀਦਿਆ ਜਾਵੇਗਾ ਅਤੇ ਕਿਸਾਨਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 74



ਕਰੋੜ ਦੀ ਲਾਗਤ ਨਾਲ ਮੁਫ਼ਤ ਕਣਕ ਦੇ ਬੀਜ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਦੀਆਂ 65 ਮੰਡੀਆਂ ਵਿਚ ਲੱਗਭਗ 4,36,000 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਹੋਣ ਦੀ ਉਮੀਦ ਹੈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹਾਲ ਹੀ ਵਿਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਹਰ ਚੁਣੌਤੀ ਦਾ ਸਾਹਮਣਾ ਹਿੰਮਤ ਨਾਲ ਕਰਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਮਿਹਨਤ ਦਾ ਪੂਰਾ ਸਤਿਕ-ਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੰਡੀ ਵਿਚ 2.5 ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਵਿਕਾਸ ਕਾਰਜ ਜਲਦੀ ਹੀ ਪੂਰੇ ਕਰ ਲਏ ਜਾਣਗੇ, ਜਿਸ ਨਾਲ ਕਿਸਾਨਾਂ ਅਤੇ ਵਪਾਰੀਆਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਮੰਡੀਆਂ ਵਿਚ ਸਿਰਫ਼ ਨਿਰਧਾਰਤ ਨਮੀ ਦੇ ਪੱਧਰ ਵਾਲਾ ਝੋਨਾ ਹੀ ਲਿਆਉਣ। ਲੋਕ ਸਭਾ ਮੈਂਬਰ ਅਤੇ ਵਿਧਾਇਕ ਨੇ ਮੰਡੀ ਅਧਿਕਾਰੀਆਂ ਨੂੰ ਨਮੀ, ਲਿਫਟਿੰਗ ਅਤੇ ਭੁਗਤਾਨ ਪ੍ਰਕਿਰਿਆਵਾਂ ਵਿਚ ਪੂਰੀ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਸਪੱਸ਼ਟ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਨੂੰ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਰੈੱਡ ਰਿਬਨ ਕਲੱਬ ਇੰਚਾਰਜ ਵਿਜੇ ਕੁਮਾਰ ਨੂੰ ਲਗਾਤਾਰ ਛੇਵੀਂ ਵਾਰ ਉਹਨਾਂ ਦੇ ਯੋਗਦਾਨ ਕਾਰਨ ਜ਼ਿਲ੍ਹੇ ਵਿੱਚੋਂ ਪਹਿਲੇ ਸਥਾਨ ਤੇ ਆਉਣ ਕਾਰਨ ਸਨਮਾਨਿਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ ਦੀ)** ਸਥਾਨਕ ਸਰਕਾਰੀ ਕਾਲਜ ਦੇ ਰੈੱਡ ਰਿਬਨ ਕਲੱਬ ਇੰਚਾਰਜ ਵਿਜੇ ਕੁਮਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਹੁਸ਼ਿਆਰਪੁਰ ਪ੍ਰੀਤ ਕੋਹਲੀ ਜੀ ਦੀ ਅਗਵਾਈ ਵਿੱਚ ਐਚ.ਆਈ.ਵੀ., ਏਡਜ਼, ਨਸ਼ਿਆਂ, ਖ਼ੂਨਦਾਨ, ਵਾਤਾਵਰਣ, ਸਿਹਤ ਦੀ ਤੰਦਰੁਸਤੀ ਅਤੇ ਸਮੇਂ-ਸਮੇਂ ਤੇ ਮਹਾਂਪੁਰਸ਼ਾ, ਦੇਸ਼ ਭਗਤਾਂ, ਰਾਸ਼ਟਰੀ ਤਿਉਹਾਰਾਂ, ਵੋਟਾਂ, ਦੇਸ਼ ਅਤੇ ਸਮਾਜ ਪ੍ਰਤੀ ਬਣਦੇ ਫਰਜ਼ਾਂ ਨੂੰ ਕਾਲਜ ਅਤੇ ਪਿੰਡਾਂ ਵਿੱਚ ਬਾਖੂਬੀ ਹਰ ਸਾਲ ਨਿਭਾ ਰਹੇ ਹਨ। ਜਿਸ ਕਾਰਣ ਸੈਸ਼ਨ 2024-2025 ਦੇ ਲਈ ਉਹਨਾਂ ਨੂੰ ਯੁਵਕ ਸੇਵਾਵਾਂ ਵਿਭਾਗ, ਹੁਸ਼ਿਆਰਪੁਰ ਦੇ ਸਹਾਇਕ ਡਾਇਰੈਕਟਰ ਪ੍ਰੀਤ ਕੋਹਲੀ ਜੀ ਨੇ ਲਗਾਤਾਰ ਛੇਵੀਂ ਵਾਰ (6ਵੀਂ ਵਾਰ) ਜ਼ਿਲ੍ਹੇ ਵਿੱਚੋਂ ਰੈੱਡ ਰਿਬਨ ਕਲੱਬ ਦੇ ਇੰਚਾਰਜ ਵਜੋਂ ਕੀਤੇ ਗਏ ਕੰਮਾਂ ਦੇ ਕਾਰਣ ਮੋਮੈਂਟੋ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ



ਕੀਤਾ। ਉਹਨਾਂ ਨੂੰ ਉਹਨਾਂ ਵੱਲੋਂ ਸਮਾਜ ਅਤੇ ਦੇਸ਼ ਦੀ ਸੇਵਾ ਲਈ ਕੀਤੇ ਗਏ ਕੰਮਾਂ ਦੇ ਕਾਰਣ ਨੈਸ਼ਨਲ ਅਤੇ ਸਟੇਟ ਅਵਾਰਡ ਵੀ ਮਿਲ ਚੁੱਕੇ ਹਨ। ਉਹਨਾਂ ਨੂੰ ਇਸ ਵਾਰ ਲਗਾਤਾਰ ਛੇਵੀਂ ਵਾਰ ਜ਼ਿਲ੍ਹਾ ਪੱਧਰ ਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਸਨਮਾਨਿਤ ਕੀਤਾ ਗਿਆ। ਉਹਨਾ ਕਿਹਾ ਕਿ ਇਸ ਅਵਾਰਡ ਨੂੰ ਦਿਲਵਾਉਣ ਵਿੱਚ ਵਿਦਿਆਰਥੀ ਅਰਸ਼, ਸਾਹਿਲ ਅਤੇ ਵਿਦਿਆਰਥਣਾਂ ਖੁਸ਼ਬੂ ਅਤੇ ਚਮਨਦੀਪ ਕੌਰ ਦੀ ਵੀ ਵਿਸ਼ੇਸ਼ ਭੂਮਿਕਾ ਉਹਨਾਂ ਦੇ ਜੀਵਨ ਵਿੱਚ ਰਹੀ ਹੈ।ਇਸ ਲਈ ਇਹ ਅਵਾਰਡ ਮੇਰੇ ਨਾਲ-ਨਾਲ ਉਹਨਾਂ ਦਾ ਵੀ ਹੈ। ਉਹਨਾਂ ਦੀ ਪਤਨੀ ਲੈਕਚਰਾਰ ਰੋਮਾ ਦੇਵੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ, ਹੁਸ਼ਿਆਰਪੁਰ ਅਤੇ ਸਪੁੱਤਰ ਸਾਹਿਲ, ਅਰਸ਼ ਨੇ ਵੀ ਸਨਮਾਨਿਤ ਕੀਤੇ ਜਾਣ ਤੇ ਵਧਾਈ ਦਿੱਤੀ।

## ਲੱਦਾਖ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਅਤੇ ਸੂਬੇ ਦਾ ਦਰਜਾ ਦੇਣ ਦੀ ਮੰਗ ਕਰ ਰਹੇ ਅੰਦੋਲਨਕਾਰੀਆਂ ਉਤੇ ਗੋਲੀਬਾਰੀ ਅਤੇ ਚਾਰ ਨੌਜਵਾਨਾਂ ਦੀਆਂ ਜਾਨਾਂ ਲੈਣ ਦੀ ਲਿਬਰੇਸ਼ਨ ਵਲੋਂ ਸਖਤ ਨਿੰਦਾ

# ਮੁਸਲਿਮ ਤੇ ਈਸਾਈ ਭਾਈਚਾਰਿਆਂ ਤੋਂ ਬਾਅਦ ਹੁਣ ਲਦਾਖ਼ ਦੇ ਬੋਧੀ ਵੀ ਬਣੇ ਬੀਜੇਪੀ ਹਕੂਮਤ ਦੇ ਹਮਲੇ ਦਾ ਨਿਸ਼ਾਨਾ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਲੱਦਾਖ ਆਦਿਵਾਸੀ ਖਿੱਤੇ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਅਤੇ ਇਸ ਵਿਸ਼ਾਲ ਖਿੱਤੇ ਨੂੰ ਸੂਬੇ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਵੱਡੇ ਪੱਧਰ ਉੱਤੇ ਹੋਏ ਵਿਰੋਧ ਪ੍ਰਦਰਸ਼ਨ ਦੌਰਾਨ 24 ਸਤੰਬਰ ਨੂੰ ਦੇਸ਼ ਵਿੱਚ ਪੁਲਿਸ ਗੋਲੀ ਨਾਲ ਚਾਰ ਨੌਜਵਾਨਾਂ ਨੂੰ ਕਤਲ ਅਤੇ ਕਰੀਬ ਸੱਠ ਨੂੰ ਫੱਟੜ ਕਰਨ ਦੀ ਸੀਪੀਆਈ (ਐਮ ਐਲ) ਲਿਬਰੇਸ਼ਨ ਵਲੋਂ ਸਖਤ ਨਿੰਦਾ ਕੀਤੀ ਗਈ ਹੈ। ਲਿਬਰੇਸ਼ਨ ਪਾਰਟੀ ਨੇ ਇਸ ਗੜਬੜ ਅਤੇ ਟਕਰਾਅ ਲਈ ਸੰਵੇਦਨਹੀਣ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਪਾਰਟੀ ਦੇ ਸੂਬਾਈ ਬੁਲ-ਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਭੜਕਾਹਟ ਤੇ ਟਕਰਾਅ ਲਈ ਲੱਦਾਖੀ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਤੋਂ ਵਾਂਝੇ ਕਰਨ, ਸੰਵਿਧਾਨ ਦੀ ਪਾਲਣਾ ਨਾ ਕਰਨ, ਦੇਸ਼ ਦੇ ਫੈਡਰਲ ਢਾਂਚੇ ਨੂੰ ਪੈਰਾਂ ਹੇਠ ਰੋਲਣ ਅਤੇ ਇਸ ਦੂਰੇਡੇ ਆਦਿਵਾਸੀ ਖਿੱਤੇ ਉੱਤੇ ਆਪਣੀ ਸਿਆਸੀ ਜਕੜ ਕਾਇਮ ਕਰਨ ਦੀਆਂ ਬੀਜੇਪੀ ਤੇ ਮੋਦੀ ਸਰਕਾਰ ਦੀਆਂ ਲਾਲਸਾਵਾਂ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

ਮੋਦੀ ਸਰਕਾਰ ਨੇ 2019 ਵਿੱਚ ਮਨਮਾਨੇ ਢੰਗ ਨਾਲ ਧਾਰਾ 370 ਨੂੰ ਖਤਮ ਕਰਕੇ ਰਿਆਸਤ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ - ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਵੰਡ ਦਿੱਤਾ ਸੀ। ਇੰਨ੍ਹਾਂ ਦੋਹਾਂ ਹਿੱਸਿਆਂ ਦੇ ਲੋਕਾਂ ਵੱਲੋਂ ਸੂਬੇ ਦੇ ਦਰਜੇ ਨੂੰ ਮੁੜ ਬਹਾਲ ਕਰਨ ਦੀ ਮੰਗ ਲਗਾਤਾਰ ਉਠਾਈ ਜਾ ਰਹੀ ਹੈ। ਫਿਰ ਵੀ, ਮੋਦੀ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਨੇ ਲੋਕਾਂ ਦੀਆਂ ਲੋਕਤੰਤਰੀ ਇੱਛਾਵਾਂ ਵਲੋਂ ਪੂਰੀ ਤਰ੍ਹਾਂ ਅੱਖਾਂ ਮੀਟ ਰਖੀਆਂ ਹਨ। ਲੱਦਾਖ ਵਿੱਚ 24 ਸਤੰਬਰ ਨੂੰ ਹੋਏ ਵਿਰੋਧ ਪ੍ਰਦਰਸ਼ਨ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ, ਲੋਕਾਂ ਦੇ ਅਧਿਕਾਰਾਂ ਅਤੇ ਮੰਗਾਂ ਪ੍ਰਤੀ ਸਾਲਾਂ ਤੋਂ ਜਾਰੀ ਦਮਨ ਵਿਰੁੱਧ ਵਧਦੇ ਹੋਏ ਗੁੱਸੇ ਨੂੰ ਦਰਸਾਉਂਦੇ ਹਨ। ਜਿਥੇ ਕੇਂਦਰ ਵਿੱਚ 2014 ਤੋਂ ਜਾਰੀ ਬੀਜੇਪੀ ਸ਼ਾਸਨ ਦੌਰਾਨ ਦੇਸ਼ ਵਿਚ ਮੁਸਲਿਮ ਤੇ ਈਸਾਈ ਧਾਰਮਿਕ ਘੱਟ ਗਿਣਤੀਆਂ ਤੇ ਕੇਂਦਰੀ ਭਾਰਤ ਦੇ ਆਦਿਵਾਸੀ ਇਲਾਕੇ ਪਹਿਲਾਂ ਹੀ ਤਿੱਖੀ ਫਿਰਕੂ ਨਫ਼ਰਤ ਅਤੇ ਹਕੂਮਤੀ ਹਮਲਿਆਂ ਦਾ ਨਿਸ਼ਾਨਾ ਬਣੇ ਹੋਏ ਹਨ, ਉਥੇ ਇਸ ਸੂਚੀ ਵਿੱਚ ਹੁਣ ਬੁੱਧਮਤ ਦੇ ਪੈਰੋਕਾਰ ਲੱਦਾਖੀਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ।

ਸੰਸਾਰ ਦੇ ਜਾਣੇ ਪਛਾਣੇ ਜਲਵਾਯੂ ਕਾਰਜਕਰਤਾ ਅਤੇ ਅਧਿਆਪਕ ਸੋਨਮ ਵਾਂਗਚੁਕ, ਜਿੰਨ੍ਹਾਂ ਵਲੋਂ ਲਦਾਖੀ ਲੋਕਾਂ ਦੀਆਂ ਮੰਗਾਂ ਨੂੰ ਲੈਕੇ ਲੇਹ ਦੇ ਐੱਨਡੀਐੱਸ ਗਰਾਊਂਡ ਵਿੱਚ ਜਾਰੀ ਤੀਜੇ ਦੌਰ ਦੀ ਭੁੱਖ ਹੜਤਾਲ 24 ਸਤੰਬਰ ਨੂੰ 15 ਵੇਂ ਦਿਨ ਵਿੱਚ ਦਾਖ਼ਲ ਹੋ ਚੁੱਕੀ ਸੀ। ਸੋਨਮ ਵਾਂਗ ਚੁੱਕ ਕੇਂਦਰ ਸਰਕਾਰ ਨੂੰ ਅਪੀਲ ਕਰ ਰਹੇ ਹਨ ਕਿ ਉਹ ਲੱਦਾਖ ਦੇ ਲੋਕਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਦੇਵੇ। ਪਰ ਮੋਦੀ ਸਰਕਾਰ ਨੇ ਇਸ ਸ਼ਾਂਤਮਈ ਰੋਸ ਪ੍ਰਦਰਸ਼ਨ ਦਾ ਕੋਈ ਨੋਟਿਸ ਨਹੀਂ ਲਿਆ। ਨਤੀਜਾ 24 ਸਤੰਬਰ ਨੂੰ ਸੋਨਮ ਨਾਲ ਭੁੱਖ ਹੜਤਾਲ ਤੇ ਬੈਠੇ ਦੋ ਸਹਿਯੋਗੀਆਂ ਦੀ ਹਾਲਤ ਵਿਗੜ ਜਾਣ ਕਾਰਨ ਉਨ੍ਹਾਂ ਨੂੰ ਹਸਪਤਾਲ ਭੇਜਣਾ ਪਿਆ ਜੋ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਆਖ਼ਰ ਮੋਦੀ ਸਰਕਾਰ ਦੇ ਇਸ ਗੈਰ ਜਿੰਮੇਵਾਰ ਤੇ ਸੰਵੇਦਨਹੀਣ ਰਵਈਏ ਖਿਲਾਫ ਹਜ਼ਾਰਾਂ ਨੌਜਵਾਨ ਪ੍ਰਦਰਸ਼ਨਕਾਰੀਆਂ ਦਾ ਧੀਰਜ ਜਵਾਬ ਦੇ ਗਿਆ।

ਅੰਦੋਲਨਕਾਰੀ ਲੱਦਾਖ ਨੂੰ ਸੂਬੇ ਦਾ ਦਰਜਾ ਦਿੱਤੇ ਜਾਣ, ਆਦਿਵਾਸੀ ਹਿੱਤਾਂ ਦੀ ਰਾਖੀ ਦੀ ਗਾਰੰਟੀ ਕੀਤੇ ਜਾਣ, ਖੁਦ ਅਖਤਿਆਰ ਜਿਲ੍ਹਾ ਪਰਿਸ਼ਦਾਂ ਰਾਹੀਂ ਸਥਾਨਕ ਸ਼ਾਸਨ ਨੂੰ ਮਜ਼ਬੂਤ ਕਰਨ , ਇਕ ਲੋਕ ਸਭਾ ਸੀਟ ਦੀ ਬਜਾਏ ਲੇਹ ਅਤੇ ਕਾਰਗਿਲ ਦੇ ਦੋ ਲੋਕ ਸਭਾ ਹਲਕੇ ਬਣਾਏ ਜਾਣ ਅਤੇ ਇਸ ਖਿੱਤੇ ਦੇ ਨਾਜ਼ੁਕ ਸਮਤੋਲ ਵਾਲੇ ਵਾਤਾਵਰਨ ਦੀ ਰੱਖਿਆ ਲਈ ਛੇਵੀਂ ਅਨੁਸੂਚੀ ਅਧੀਨ ਵਿਸ਼ੇਸ਼ ਸੰਵਿਧਾਨਕ ਪ੍ਰਾਵਧਾਨ ਲਾਗੂ ਕਰਨ ਦੀ ਮੰਗ ਕਰ ਰਹੇ ਹਨ। ਲੱਦਾਖ ਦੇ ਲੋਕਾਂ ਦੀਆਂ ਇੰਨਾਂ ਲੋਕਤੰਤਰੀ ਇੱਛਾਵਾਂ ਤੋਂ ਇਲਾਵਾ, ਇੱਕ ਹੋਰ ਗੰਭੀਰ ਚਿੰਤਾ ਦਾ ਵਿਸ਼ਾ ਹੈ - ਮੁਨਾਫ਼ਾਖੋਰ ਕਾਰਪੋਰੇਟ ਕੰਪਨੀਆਂ ਵੱਲੋਂ ਲਦਾਖ਼ ਦੀ ਜ਼ਮੀਨ ਅਤੇ ਸੀਮਤ ਕੁਦਰਤੀ ਸਾਧਨਾਂ ਨੂੰ ਲੁੱਟੇ ਜਾਣ ਤੋਂ ਬਚਾਉਣਾ, ਜਿਵੇਂ ਕਿ ਅਜਿਹੀ ਅੰਨੀ ਲੁੱਟ ਅਸੀਂ ਦੇਸ਼ ਭਰ ਦੇ ਹੋਰ ਪਹਾੜੀ ਖੇਤਰਾਂ ਵਿੱਚ ਵੀ ਵੇਖ ਰਹੇ ਹਾਂ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵਲੋਂ ਇੱਕ ਖੇਤਰ ਦੇ ਸੂਬੇ ਦੇ ਦਰਜੇ ਨੂੰ ਘਟਾ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੀ ਆਪਣੀ ਕਿਸਮ ਦੀ ਇਸ ਪਹਿਲੀ ਘਟਨਾ ਨੇ ਲੋਕਾਂ ਤੋਂ ਆਪ ਸਥਾਨਕ ਪੱਧਰ 'ਤੇ ਫੈਸਲੇ ਲੈਣ ਅਤੇ ਯੋਜਨਾ ਬਣਾਉਣ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਦਾ ਅਧਿਕਾਰ ਖੋਹ ਲਿਆ ਹੈ, ਜੋ ਸਰਾਸਰ ਧੱਕਾ ਹੈ। ਲਦਾਖ਼ ਚੀਨ ਨਾਲ ਲੱਗਦਾ ਇਕ ਨਾਜ਼ੁਕ ਸਰਹੱਦੀ ਖੇਤਰ ਹੈ, ਪਰ ਮੋਦੀ ਸਰਕਾਰ ਉਥੋਂ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵੱਲ ਧਿਆਨ ਦੇਣ ਦੀ ਬਜਾਏ ਉਲਟਾ ਸੋਨਮ ਵਾਂਗਚੁੱਕ ਵਰਗੇ ਇਕ ਮੌਲਿਕ ਵਿਗਿਆਨੀ ਤੇ ਲੱਦਾਖੀ ਲੋਕਾਂ ਦੇ ਹਰਮਨ ਪਿਆਰੇ ਪ੍ਰਤੀਨਿਧ ਖਿਲਾਫ ਗੋਦੀ ਮੀਡੀਆ ਜ਼ਰੀਏ ਵਿਦੇਸ਼ੀ ਏਜੰਟ ਦੇ ਰੂਪ ਵਿੱਚ ਬਦਨਾਮ ਕਰਕੇ ਲੱਦਾਖੀ ਲੋਕਾਂ ਨੂੰ ਖੁਦ ਹੀ ਬਾਕੀ ਦੇਸ਼ ਤੋਂ ਦੂਰ ਧੱਕ ਰਹੀ ਹੈ।

ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਲੱਦਾਖ ਦੇ ਲੋਕਾਂ ਦੀਆਂ ਜਮਹੂਰੀ ਇੱਛਾਵਾਂ ਦਾ ਸਨਮਾਨ ਕਰੇ, ਉਨ੍ਹਾਂ ਨਾਲ ਤੁਰੰਤ ਉਨ੍ਹਾਂ ਦੀਆਂ ਮੰਗਾਂ ਬਾਰੇ ਗੱਲਬਾਤ ਆਰੰਭ ਕਰੇ ਅਤੇ ਲਦਾਖ਼ ਕਾਰਗਿਲ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੇ ਨਾਲ-ਨਾਲ ਸੂਬੇ ਦਾ ਦਰਜਾ ਬਹਾਲ ਕਰਨ ਨੂੰ ਯਕੀਨੀ ਬਣਾਵੇ। ਇਸ ਤੋਂ ਇਲਾਵਾ ਗੋਲੀ ਚਲਾ ਕੇ ਪ੍ਰਦਰਸ਼ਨਕਾਰੀ ਨੌਜਵਾਨਾਂ ਨੂੰ ਕਤਲ ਕਰਨ ਵਾਲੇ ਜ਼ਿੰਮੇਵਾਰ ਅਫਸਰਾਂ ਖਿਲਾਫ ਕਤਲ ਕੇਸ ਦਰਜ ਕੀਤਾ ਜਾਵੇ ਅਤੇ ਅਪਣੇ ਭਾਈਚਾਰੇ ਦੀਆਂ ਜਾਇਜ਼ ਮੰਗਾਂ ਲਈ ਜਾਨਾਂ ਦੇਣ ਵਾਲੇ ਇੰਨਾਂ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਨੂੰ ਤੁਰੰਤ ਢੁੱਕਵੀਂ ਸਹਾਇਤਾ ਦਿੱਤੀ ਜਾਵੇ।

# ਸ਼ਹੀਦ ਭਗਤ ਸਿੰਘ ਨਗਰ ਨੂੰ ਮਿਲੇ ਤਿੰਨ ਖੇਤੀਬਾੜੀ ਵਿਸਥਾਰ ਅਫ਼ਸਰ

## ਨਵਾਂਸ਼ਹਿਰ, ਔੜ ਅਤੇ ਬਲਾਚੌਰ ਬਲਾਕਾਂ 'ਚ ਹੋਈ ਤਾਇਨਾਤੀ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਭਰਤੀ ਕੀਤੇ ਗਏ ਨਵੇਂ ਖੇਤੀਬਾੜੀ ਵਿਸਥਾਰ ਅਫ਼ਸਰਾਂ ਵਿਚੋਂ ਤਿੰਨ ਅਧਿਕਾਰੀਆਂ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਤਾਇਨਾਤ ਕੀਤਾ ਗਿਆ ਹੈ ਜਿਨ੍ਹਾਂ ਦੀ ਨਿਯੁਕਤੀ ਨਵਾਂਸ਼ਹਿਰ, ਔੜ ਅਤੇ ਬਲਾਚੌਰ ਵਿਖੇ ਹੋਈ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਰਾਕੇਸ਼ ਸ਼ਰਮਾ ਨੇ ਕਿਹਾ ਕਿ ਨਵੇਂ ਅਧਿਕਾਰੀਆਂ ਦੇ ਆਉਣ ਨਾਲ ਦਫ਼ਤਰੀ ਕੰਮ-ਕਾਜ ਨੂੰ ਤਾਂ ਬਲ ਮਿਲੇਗਾ ਹੀ ਸਗੋਂ ਕਿਸਾਨਾਂ ਨਾਲ ਸਬੰਧਤ ਸਰਗਰਮੀਆਂ ਅਤੇ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਤੇ ਪ੍ਰੋਗਰਾਮਾਂ ਨੂੰ ਵੀ ਹੋਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿੱਚ ਉੱਚ ਸਿੱਖਿਆ ਹਾਸਲ ਤਿੰਨਾਂ ਅਧਿਕਾਰੀਆਂ ਨੇ ਆਪਣੇ ਅਹੁਦੇ ਸੰਭਾਲ ਕੇ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਨਵਾਂਸ਼ਹਿਰ ਵਿਖੇ ਤਾਇਨਾਤ ਖੇਤੀਬਾੜੀ ਵਿਸਥਾਰ ਅਫ਼ਸਰ ਗੁਰਪ੍ਰੀਤ ਸਿੰਘ, ਜੋ ਗੜ੍ਹਸ਼ੰਕਰ ਦੇ ਵਸਨੀਕ ਹਨ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਐਮ.ਐਸ.ਸੀ ਕੀਤੀ ਹੋਈ ਹੈ। ਆਪਣਾ ਅਹੁਦਾ ਸੰਭਾਲਣ ਮੌਕੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਪਣੀਆਂ ਸੇਵਾਵਾਂ ਪੂਰੀ ਨਿਸ਼ਠਾ ਅਤੇ ਸਮਰਪਨ ਭਾਵਨਾ ਨਾਲ ਨਿਭਾਉਣਗੇ ਅਤੇ ਵਿਭਾਗ ਵਲੋਂ ਸਮੇਂ-ਸਮੇਂ ਸਿਰ ਜਾਰੀ ਕੀਤੇ ਜਾਂਦੇ ਪ੍ਰੋਗਰਾਮਾਂ ਨੂੰ ਪੂਰੀ ਲਗਨ ਨਾਲ ਲਾਗੂ ਕਰਵਾਉਣਗੇ। ਔੜ ਵਿਖੇ ਤਾਇਨਾਤ ਖੇਤੀਬਾੜੀ ਵਿਸਥਾਰ ਅਫ਼ਸਰ ਮੋਨਿਕਾ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਮੁਹਾਰਤ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਖੇਤਰ ਦੇ ਲੋੜੀਂਦੇ ਵਿਸਥਾਰ ਅਤੇ ਕਿਸਾਨਾਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਨਹੀਂ ਛਡੀ ਜਾਵੇਗੀ ਤਾਂ ਜੋ ਇਲਾਕੇ ਵਿੱਚ ਕਿਸਾਨ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਕਿਸਾਨਾਂ ਤੱਕ ਪੁੱਜਦਾ ਕੀਤਾ ਜਾ ਸਕੇ। ਬਲਾਚੌਰ ਵਿਖੇ ਤਾਇਨਾਤ ਖੇਤੀਬਾੜੀ ਵਿਸਥਾਰ ਅਫ਼ਸਰ ਜਗਮਨਦੀਪ ਕੌਰ ਨੇ ਕਿਹਾ ਕਿ ਕਿਸਾਨਾਂ ਨੂੰ ਖੇਤੀਬਾੜੀ ਖੇਤਰ ਵਿੱਚ ਨਵੀਂਆਂ ਤਕਨੀਕਾਂ ਦੀ ਜਾਣਕਾਰੀ ਨਾਲ ਲੈਸ ਕੀਤਾ ਜਾਵੇਗਾ ਤਾਂ ਜੋ ਉਹ ਸਮੇਂ ਦੇ ਹਾਣੀ ਬਣ ਸਕਣ। ਉਨ੍ਹਾਂ ਕਿਹਾ ਕਿ ਆਧੁਨਿਕ ਖੇਤੀ ਲਈ ਰੋਜ਼ਾਨਾ ਆ ਰਹੀਆਂ ਜਾਣਕਾਰੀਆਂ ਨੂੰ ਸਹਿਜੇ ਢੰਗ ਨਾਲ ਕਿਸਾਨਾਂ ਤੱਕ ਪਹੁੰਚਾਉਣਾ ਉਨ੍ਹਾਂ ਦੀ ਤਰਜੀਹ ਰਹੇਗੀ। ਇਸ ਮੌਕੇ ਨਵੇਂ ਅਧਿਕਾਰੀਆਂ ਦੇ ਪਰਿਵਾਰਕ ਮੈਂਬਰ ਅਤੇ ਵਿਭਾਗ ਦਾ ਅਮਲਾ ਵੀ ਮੌਜੂਦ ਸੀ।

# ਗੁਰੂਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਲੰਮਾ-ਜੱਟਪੁਰਾ ਵਿਖੇ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ ਲਗਾਇਆ ਗਿਆ



**ਰਾਏਕੋਟ ਗੁਰਭਿੰਦਰ ਗੁਰੀ** ਯੂਥ ਕਲੱਬ ਪਿੰਡ ਲੰਮਾ ਵੱਲੋ ਐਨ ਆਰ ਆਈ ਵੀਰਾਂ ,ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ ਅਤੇ ਸਿਹਤ ਵਿਭਾਗ ਦੇ ਸਹਿਯੋਗ ਗੁਰੂਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਪਿੰਡ ਲੰਮਾ-ਜੱਟਪੁਰਾ ਵਿਖੇ ਅੱਖਾਂ ਦੀਆਂ ਬੀਮਾਰੀਆਂ ਦਾ ਮੁਫਤ ਚੈਕਅੱਪ ਅਤੇ ਚਿੱਟੇ ਮੋਤੀਏ ਦਾ ਫ੍ਰੀ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਗੁਰੂਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਲਵੀਰ ਸਿੰਘ ਜੀ ਲੰਮੇ-ਜੱਟਪੁਰੇ ਵਾਲਿਆਂ ਅਤੇ ਸਵਾਮੀ ਵੈਰਾਗਾਨੰਦ ਜੀ ਵੱਲੋ ਸਾਂਝੇ ਤੌਰ ਤੇ ਕਰਵਾਈ ਗਈ। ਉਨ੍ਹਾ ਕਿਹਾ ਕਿ ਮਾਨਵਤਾ ਦੀ ਸੇਵਾ ਹੀ ਇਨਸ਼ਾਨੀਅਤ ਲਈ ਸੱਚੀ ਭਗਤੀ ਹੈ।ਉਨ੍ਹਾ ਲੋੜਵੰਦਾਂ ਨੂੰ ਮੁਫਤ ਜਾਂਚ ਕੈਂਪ ਦਾ ਵੱਧ ਤੋ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ ਅਤੇ ਕਲੱਬ ਵੱਲੋ ਕੀਤੇ ਜਾ ਰਹੇ ਸਮਾਜਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ।ਕੈਂਪ ਦੌਰਾਨ ਸ਼ੰਕਰਾ ਆਈ ਹਸਪਤਾਲ ਭਨੋਹੜ ਦੇ ਅੱਖਾਂ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋ 215 ਮਰੀਜਾਂ ਦੀ ਜਾਂਚ ਕੀਤੀ ਗਈ ਅਤੇ 23 ਵਿਅਕਤੀ ਲੈਂਨਜ ਲਗਾਉਣ ਲਈ ਚੁਣੇ ਗਏ ਜਿੰਨਾਂ ਲੈਂਨਜ ਕਲੱਬ ਵੱਲੋ ਮੁਫਤ ਲਗਵਾਏ ਜਾਣਗੇ।ਲੋੜਵੰਦ ਮਰੀਜਾਂ ਨੂੰ ਦਵਾਈਆਂ ਮੁਫ਼ਤ ਵੰਡੀਆਂ ਗਈਆ। ਮਰੀਜ਼ਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਸਰਪੰਚ ਪਰਮਜੀਤ ਸਿੰਘ, ਹਰਪਾਲ ਸਿੰਘ, ਜਗਦੇਵ ਸਿੰਘ ਦੋਨੋ ਪੰਚ,ਇੰਦਰਜੀਤ ਸਿੰਘ ਲੰਮਾ,ਗੋਲਡੀ ਖੇਲਾ,ਬਲਵਿੰਦਰ ਸਿੰਘ, ਹੈਪੀ ਤਤਲਾ,ਸੁਰਿੰਦਰ ਸਿੰਘ, ਜੱਗੀ ਮਾਹੀ ਸਮੇਤ ਹੋਰ ਕਲੱਬ ਮੈਂਬਰ ਹਾਜ਼ਰ ਸਨ।

# ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਹੁਸ਼ਿਆਰਪੁਰ 'ਚ ਈ.ਵੀ.ਐਮ ਵੇਅਰਹਾਊਸ ਦੀ ਕੀਤੀ ਤਿਮਾਹੀ ਪੜਤਾਲ

## ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀ ਵੀ ਰਹੇ ਮੌਜੂਦ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਪੱਧਰ 'ਤੇ ਬਣਾਏ ਗਏ ਈ.ਵੀ.ਐਮ ਵੇਅਰਹਾਊਸ ਦੀ ਸਤੰਬਰ 2025 ਦੀ ਤਿਮਾਹੀ ਪੜਤਾਲ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਬੀਰ ਕੌਰ ਭੁੱਲਰ ਵਲੋਂ ਕੀਤੀ ਗਈ। ਇਸ ਮੌਕੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀ ਵੀ ਮੌਜੂਦ ਸਨ। ਪੜਤਾਲ ਪ੍ਰਕਿਰਿਆ ਤਹਿਤ ਵੇਅਰਹਾਊਸ ਨੂੰ ਖੋਲ੍ਹ ਕੇ ਈ.ਵੀ.ਐਮ ਅਤੇ ਵੀ.ਵੀ.ਪੈਟ ਮਸ਼ੀਨਾਂ ਦੀ ਸਥਿਤੀ, ਸੁਰੱਖਿਆ ਪ੍ਰਬੰਧ, ਸੀਲਿੰਗ ਵਿਵਸਥਾ ਅਤੇ ਸੀ.ਸੀ.ਟੀ.ਵੀ ਨਿਗਰਾਨੀ ਵਿਵਸਥਾ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਸਾਰੇ ਸਬੰਧਤ ਰਿਕਾਰਡ, ਲਾਗਬੁੱਕ ਅਤੇ ਐਂਟਰੀ ਰਜਿਸਟਰਾਂ ਦੀ ਵੀ ਜਾਂਚ ਕੀਤੀ ਗਈ ਤਾਂ ਜੋ ਪਾਰਦਰਸ਼ਤਾ ਯਕੀਨੀ ਬਣਾਈ ਜਾ ਸਕੇ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਬੀਰ ਕੌਰ ਭੁੱਲਰ ਨੇ ਕਿਹਾ ਕਿ ਈ.ਵੀ.ਐਮ ਵੇਅਰਹਾਊਸ ਦੀ ਤਿਮਾਹੀ ਪੜਤਾਲ ਇਕ ਨਿਯਮਿਤ ਅਤੇ ਜ਼ਰੂਰੀ ਪ੍ਰਕਿਰਿਆ ਹੈ, ਜੋ ਹਰੇਕ ਜ਼ਿਲ੍ਹੇ ਵਿਚ ਸਮੇਂ-ਸਮੇਂ ਸਿਰ ਕੀਤੀ ਜਾਂਦੀ ਹੈ। ਇਸ ਦਾ ਉਦੇਸ਼ ਚੋਣ ਪ੍ਰਕਿਰਿਆ ਦੀ ਨਿਰਪੱਖਤਾ, ਸੁਰੱਖਿਆ ਅਤੇ ਪਾਰਦਰਸ਼ਤਾ ਬਣਾਏ ਰੱਖਣਾ ਹੈ। ਉਨ੍ਹਾਂ ਸੰਤੁਸ਼ਟੀ ਪ੍ਰਗਟ ਕੀਤੀ ਕਿ ਜ਼ਿਲ੍ਹੇ ਵਿਚ ਵੇਅਰਹਾਊਸ ਦੀ ਵਿਵਸਥਾ ਉੱਚ ਮਿਆਰਾਂ ਅਨੁਸਾਰ ਪਾਈ ਗਈ ਹੈ। ਰਾਜਨੀਤਿਕ ਪਾਰਟੀ ਦੇ ਪ੍ਰਤੀਨਿਧੀਆਂ ਨੇ ਇਸ ਦੌਰਾਨ ਪੂਰੀ ਪ੍ਰਕਿਰਿਆ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਤੋਂ ਜੈ ਰਾਮ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਭਾਜਪਾ ਤੋਂ ਯੋਗੇਸ਼ ਕੁਮਾਰ ਤੋਂ ਇਲਾਵਾ ਨੋਡਲ ਅਫ਼ਸਰ ਈ.ਵੀ.ਐਮਜ਼ ਬਲਵਿੰਦਰ ਸਿੰਘ, ਐਸ.ਡੀ.ਓ ਤਿਲਕ ਰਾਜ, ਤਹਿਸੀਲਦਾਰ ਚੋਣਾਂ ਹਰਮਿੰਦਰ ਸਿੰਘ, ਚੋਣ ਕਾਨੂੰਗੋ ਦੀਪਕ ਕੁਮਾਰ, ਲਖਵੀਰ ਸਿੰਘ ਵੀ ਮੌਜੂਦ ਸਨ।

# ਮਾਸਟਰ ਕੁਲਵਿੰਦਰ ਸਿੰਘ ਢੇਸੀ ਵੱਲੋਂ ਭੀਣ ਸਕੂਲ ਨੂੰ 10000 ਰੁਪਏ ਦੀ ਰਾਸ਼ੀ ਭੇਂਟ ਕੀਤੀ ਗਈ



**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸਰਕਾਰੀ ਹਾਈ ਸਕੂਲ, ਭੀਣ ਵਿਖੇ ਸਾਦਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਇਸੇ ਸਕੂਲ ਤੋਂ ਪੜ੍ਹ ਕੇ ਜਾ ਚੁੱਕੇ ਮਾਸਟਰ ਕੁਲਵਿੰਦਰ ਸਿੰਘ ਢੇਸੀ ਦੇ ਪਰਿਵਾਰ ਵੱਲੋਂ ਸਕੂਲ ਦੇ ਵਿਕਾਸ ਲਈ 10000 ਰੁਪਏ ਦੀ ਦਾਨ ਰਾਸ਼ੀ ਭੇਂਟ ਕੀਤੀ ਗਈ ਅਤੇ ਕਿਹਾ ਕਿ ਉਹ ਅੱਗੇ ਤੋਂ ਵੀ ਸਕੂਲ ਦੇ ਵਿਕਾਸ ਲਈ ਇਸੇ ਤਰਾਂ ਸਹਿਯੋਗ ਦਿੰਦੇ ਰਹਿਣਗੇ।ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਵੱਲੋਂ ਉਹਨਾਂ ਦਾ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਉਹਨਾਂ ਕਿਹਾ ਕਿ ਹਰ ਮਨੁੱਖ ਨੂੰ ਆਪਣੀ ਨੇਕ ਕਮਾਈ ਵਿੱਚੋਂ ਦਾਨ ਕਰਨਾ ਚਾਹੀਦਾ ਹੈ।ਇਸ ਮੌਕੇ ਅੰਜਨਾ,ਰਾਕੇਸ਼ ਰਾਣੀ,ਅਮਨਦੀਪ ਕੌਰ,ਦੀਪ ਸਿੰਘ ਰਿਟਾਇਰਡ ਡੀ ਪੀ ਈ ਹਾਜਰ ਸਨ।

# ਸਕੂਲ ਦੇ ਛੋਟੇ ਛੋਟੇ ਖਿਡਾਰੀਆਂ ਨੇ ਰਚਿਆ ਇਤਿਹਾਸ




ਸਕੂਲ ਦੀ 11 ਸਾਲ ਕੁੜੀਆਂ ਦੀ ਕਬੱਡੀ ਟੀਮ ਨੇ ਹਰਿਆਣਾ ਵਿਖੇ ਹੋਏ ਨੈਸ਼ਨਲ ਲੈਵਲ ਦੇ ਦੇ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ ਫਿਲੌਰ/ਅੱਪਰਾ (ਦੀਪਾ)- ਸਕੂਲ ਮੁੱਖੀ ਗੁਰਜੀਤ ਸਿੰਘ ਨੇ ਦੱਸਿਆ ਕਿ ਅੱਜ ਤੋਂ ਪਹਿਲਾਂ ਸਕੂਲ ਵਲੋਂ ਇਹ ਪਹਿਲਾਂ ਮੌਕਾ ਹੈ , ਜਦੋਂ ਖਿਡਾਰੀਆਂ ਨੇ ਇਹ ਮੁਕਾਮ ਹਾਸਲ ਕੀਤਾ । ਸਾਡੇ ਨੰਨ੍ਹੇ ਖਿਡਾਰੀਆਂ ਨੂੰ ਬਹੁਤ ਬਹੁਤ ਮੁਬਾਰਕਾਂ।ਸ਼੍ਰੀ ਇਲਮ ਚੰਦ ਹਾਈ ਸਕੂਲ ਦੀਆਂ 11 ਸਾਲ ਦੀਆਂ ਲੜਕੀਆਂ ਨੇ ਹਰਿਆਣਾ ਵਿਖੇ ਹੋਏ ਨੈਸ਼ਨਲ ਲੇਵਲ ਦੇ ਕਬੱਡੀ ਦੇ ਮੁਕਾਬਲੇ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ। ਸਕੂਲ ਮੁਖੀ ਗੁਰਜੀਤ ਸਿੰਘ ਨੇ ਸਮੂਹ ਖਿਡਾਰੀਆਂ, ਸਕੂਲ ਸਟਾਫ਼ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਲੋਕ ਗਾਇਕ ਲੱਖਾ ਭਰੋਮਜਾਰਾ 'ਪੰਜਾਬ ਮੇਰਾ' ਗੀਤ ਨਾਲ ਹੋ ਰਿਹਾ ਹਾਜ਼ਰ




**ਸਰੀ /ਵਿਨਕੂਵਰ (ਕੁਲਦੀਪ ਚੁੰਬਰ)–** ਲੋਕ ਗਾਇਕ ਲੱਖਾ ਭਰੋ ਮਜਾਰਾ ਆਪਣੇ ਨਵੇਂ ਗੀਤ 'ਪੰਜਾਬ ਮੇਰਾ' ਨਾਲ ਇੱਕ ਵਾਰ ਫਿਰ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਹੋ ਰਿਹਾ ਹੈ। ਇਸ ਸਬੰਧੀ ਉਸਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਮੱਖਣ ਉਧੋਵਾਲ ਜੀ ਤੇ ਕਿੰਦਾ ਘੱਕੇਵਾਲ ਨੇ ਕਲਮਬੱਧ ਕੀਤਾ ਹੈ । ਇਸ ਗੀਤ ਵਿੱਚ ਇੱਕ ਇੱਕ ਅੱਖਰ ਸੁਣਨ ਵਾਲਾ ਹੈ । ਲੱਖਾ ਭਰੋਮਜਾਰਾ ਨੇ ਦੱਸਿਆ ਕਿ ਇਸ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਜੈਜਬੀਰ ਨੇ ਦਿੱਤਾ ਹੈ। ਇਸ ਦੀ ਵੀਡੀਓ ਤਿਆਰ ਕੀਤੀ ਹੈ ਸ੍ਰੀਮਾਨ ਅਸ਼ੋਕ ਭਗਤ ਜੀ ਨੇ। ਇਸ ਗੀਤ ਨੂੰ ਪ੍ਰਸਿੱਧ ਕੰਪਨੀ ਚੱਕ ਮਹਿਕਮਾ ਵਲੋਂ ਸਰੋਤਿਆਂ ਦੀ ਕਚਹਿਰੀ ਵਿੱਚ ਲਾਂਚ ਕੀਤਾ ਜਾਵੇਗਾ। ਗਾਇਕ ਨੇ ਕਿਹਾ ਕਿ ਜਿਵੇਂ ਪਹਿਲਾਂ ਉਸ ਦੇ ਗੀਤਾਂ ਨੂੰ ਸਰੋਤਿਆਂ ਨੇ ਪਿਆਰ ਮੁਹੱਬਤ ਦੇ ਕੇ ਨਿਵਾਜਿਆ ਹੈ ਇਸੇ ਤਰ੍ਹਾਂ ਹੀ ਉਹ ਪੰਜਾਬ ਮੇਰਾ ਗੀਤ ਨੂੰ ਵੀ ਸਹਿਯੋਗ ਦੇਣ । ਇਸ ਟਰੈਕ ਲਈ ਉਹ ਕੁਲਵਿੰਦਰ ਸਿੰਘ ਕਨੇਡਾ, ਬਿਲ ਬਸਰਾ, ਕਿੰਦਾ ਇਟਲੀ, ਕਮਲ ਕਨੇਡਾ ਅਤੇ ਹੋਰ ਸਹਿਯੋਗੀ ਸਾਥੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹੈ। ਟਰੈਕ ਦਾ ਪੋਸਟਰ ਲਾਂਚ ਕਰ ਦਿੱਤਾ ਗਿਆ ਹੈ ਤੇ ਸ਼ਾਨਦਾਰ ਵੀਡੀਓ ਫ਼ਿਲਮਾਂਕਣ ਦਾ ਪਹਿਲਾ ਪੜਾਅ ਵੀ ਮੁਕੰਮਲ ਹੋ ਗਿਆ ਹੈ। ਜਲਦ ਹੀ ਇਹ ਗੀਤ ਸੋਸ਼ਲ ਸਾਈਟਾਂ ਤੇ ਯੂਟਿਊਬ ਦੇ ਮਾਧਿਅਮ ਰਾਹੀਂ ਸਭ ਨੂੰ ਦੇਖਣ ਸੁਣਨ ਨੂੰ ਮਿਲੇਗਾ।

# ਪੰਡਿਤ ਦੀਨਦਿਆਲ ਉਪਾਧਿਆਏ ਰਾਸ਼ਟਰੀ ਹਿੱਤ ਅਤੇ ਸਮਾਜ ਸੇਵਾ ਲਈ ਸਮਰਪਿਤ ਸਨ: ਵਿਜੇ ਸਾਂਪਲਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** – ਭਾਰਤੀ ਜਨਤਾ ਪਾਰਟੀ ਦੇ ਸੰਸਥਾਪਕ ਪੰਡਿਤ ਦੀਨਦਿਆਲ ਉਪਾਧਿਆਏ ਦੇ ਜਨਮ ਦਿਵਸ ਮੌਕੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਂਪਲਾ ਨੇ ਕਿਹਾ ਕਿ ਪੰਡਿਤ ਦੀਨਦਿਆਲ ਉਪਾਧਿਆਏ ਦਾ ਪੂਰਾ ਜੀਵਨ ਰਾਸ਼ਟਰੀ ਹਿੱਤ ਅਤੇ ਸਮਾਜ ਸੇਵਾ ਲਈ ਸਮਰਪਿਤ ਸੀ। ਉਨ੍ਹਾਂ ਨੇ ਅੰਤਯੋਦਯ ਦਾ ਰਸਤਾ ਦਿਖਾਇਆ, ਭਾਵ ਸਮਾਜ ਦੇ ਆਖਰੀ ਵਿਅਕਤੀ ਦਾ ਕਲਿਆਣ। ਉਨ੍ਹਾਂ ਕਿਹਾ ਕਿ ਪੰਡਿਤ ਦੀ ਵਿਚਾਰਧਾਰਾ ਅਤੇ ਆਦਰਸ਼ ਅੱਜ ਵੀ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੇ ਮਾਰਗ 'ਤੇ ਚੱਲ ਕੇ ਹੀ ਭਾਰਤ ਖੁਸ਼ਹਾਲ, ਮਜ਼ਬੂਤ ਅਤੇ ਸਵੈ-ਨਿਰਭਰ ਬਣ ਸਕਦਾ ਹੈ। ਇਸ ਮੌਕੇ 'ਤੇ ਸਾਂਪਲਾ ਨੇ ਵਰਕਰਾਂ ਨੂੰ ਪੰਡਿਤ ਦੀਨਦਿਆਲ ਉਪਾਧਿਆਏ ਦੇ ਸਿਧਾਂਤਾਂ ਨੂੰ ਅਪਣਾਉਣ ਅਤੇ ਸਮਾਜਿਕ ਉੱਨਤੀ ਅਤੇ ਰਾਸ਼ਟਰ ਨਿਰਮਾਣ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ, ਜਿਸ ਨੇ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਕਈ ਮਹੱਤਵਪੂਰਨ ਜਨ ਭਲਾਈ ਯੋਜਨਾਵਾਂ ਲਾਗੂ ਕੀਤੀਆਂ ਹਨ, ਨੂੰ ਇਨ੍ਹਾਂ ਯੋਜਨਾਵਾਂ ਬਾਰੇ ਜਾਣਕਾਰੀ ਹਰ ਘਰ ਤੱਕ ਪਹੁੰਚਾਉਣੀ ਚਾਹੀਦੀ ਹੈ ਤਾਂ ਜੋ ਜਨਤਾ ਇਨ੍ਹਾਂ ਯੋਜਨਾਵਾਂ ਦਾ ਸਹੀ ਲਾਭ ਉਠਾ ਸਕੇ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਅਸ਼ਵਨੀ ਓਹਰੀ, ਸਾਹਿਲ ਸਾਂਪਲਾ, ਜ਼ਿਲ੍ਹਾ ਮੀਤ ਪ੍ਰਧਾਨ ਭਾਰਤ ਭੂਸ਼ਣ ਵਰਮਾ, ਨਿਤਿਨ ਗੁਪਤਾ, ਜ਼ਿਲ੍ਹਾ ਯੁਵਾ ਮੋਰਚਾ ਦੇ ਪ੍ਰਧਾਨ ਸ਼ਿਵਮ ਓਹਰੀ, ਡਾ: ਸੁਭਾਸ਼, ਸੰਜੀਵ ਜਖਮੀ, ਅੰਮ੍ਰਿਤ ਸ਼ਰਮਾ, ਅਮਲੋਕ ਹੁੰਦਲ, ਜਨਰਲ ਸਕੱਤਰ ਸੂਰਜ ਸ਼ਰਮਾ, ਭਾਵੇਸ਼ ਧਵਨ, ਸੁਨੰਦਨ ਸੂਦ, ਮਨੀਸ਼ ਵਰਮਾ ਆਦਿ ਹਾਜ਼ਰ ਸਨ ।

**ਫੋਟੋ ਅਜਮੇਰ ਦੀਵਾਨਾ**

# ਸੂਰੀ ਅਤੇ ਇੰਸਪੈਕਟਰ ਸੂਬਾ ਸਿੰਘ ਦੇ ਕਾਤਲ ਸੰਦੀਪ ਸਿੰਘ ਸੰਨੀ ਨੂੰ ਤੁਰੰਤ ਡਿਬਰੂਗੜ੍ਹ ਜੇਲ੍ਹ ਵਿੱਚ ਭੇਜਿਆ ਜਾਵੇ : ਨਿਸ਼ਾਂਤ ਸ਼ਰਮਾ

**ਹੁਸ਼ਿਆਰਪੁਰ 26 ਸਤੰਬਰ (ਤਰਸੇਮ ਦੀਵਾਨਾ)** – ਸ਼ਿਵ ਸੈਨਾ ਹਿੰਦ ਰਾਸ਼ਟਰੀ ਗਊ ਰਕਸ਼ਾ ਦਲ ਅਤੇ ਸ਼੍ਰੀ ਰਾਮ ਸੈਨਾ ਦੀ ਇੱਕ ਸਾਂਝੀ ਮੀਟਿੰਗ ਹੋਈ। ਇਸ ਮੌਕੇ ਸ਼ਿਵ ਸੈਨਾ ਦੇ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ, ਰਾਸ਼ਟਰੀ ਉਪ ਪ੍ਰਧਾਨ ਸ਼ਿਵ ਸੈਨਾ ਹਿੰਦ ਅਤੇ ਰਾਸ਼ਟਰੀ ਗਊ ਰਕਸ਼ਾ ਦਲ ਦੇ ਰਾਸ਼ਟਰੀ ਪ੍ਰਧਾਨ ਡੀ.ਡੀ ਰਾਣਾ, ਪ੍ਰਸਿੱਧ ਉਦਯੋਗਪਤੀ ਰਾਜੇਸ਼ ਜਿੰਦਲ, ਖੁਸ਼ਪ੍ਰੀਤ ਲਾਡੀ ਕੌਮੀ ਯੂਥ ਮੀਤ ਪ੍ਰਧਾਨ, ਦੀਪਾਂਸ਼ੂ ਸੂਦ ਕੌਮੀ ਬੁਲ-ਾਰੇ, ਗਗਨਪ੍ਰੀਤ ਪੰਜਾਬ ਮੀਤ ਪ੍ਰਧਾਨ, ਕਮਲਜੀਤ ਸਿੰਘ ਕਮਲ ਕੌਮੀ ਮੀਡੀਆ ਸਲਾਹਕਾਰ, ਰਾਹੁਲ ਮਨਚੰਦਾ ਪੰਜਾਬ ਪ੍ਰਧਾਨ ਯੂਥ ਵਿੰਗ, ਮਨੋਜ ਸ਼ਰਮਾ ਪੰਜਾਬ ਪ੍ਰਧਾਨ ਗਊ ਰਕਸ਼ਾ ਦਲ, ਕੌਮੀ ਜਨਰਲ ਸਕੱਤਰ ਆਤਿਸ਼ ਰਾਜਦੇਵ, ਰਾਸ਼ਟਰੀ ਗਊ ਰਕਸ਼ਾ ਦਲ ਦੇ ਕੌਮੀ ਜਨਰਲ ਸਕੱਤਰ ਵਿਨੋਦ ਪਵਾਰ, ਸ਼ਿਵ ਸੈਨਾ ਪ੍ਰਦੇਸ਼ ਪ੍ਰਧਾਨ ਸ਼ਿਵ ਸੈਨਾ ਹਿੰਦ ਹਿੰਮਤ, ਹਿੰਦੁਸਤਾਨ ਦੇ ਸੂਬਾ ਪ੍ਰਧਾਨ ਹਿਮਾਚਲ ਪ੍ਰਦੇਸ਼, ਰਾਸ਼ਟਰੀ ਗਊ ਰਕਸ਼ਾ ਦਲ ਦੇ ਮੀਤ ਪ੍ਰਧਾਨ ਪਾਰਥ ਸ਼ਰਮਾ, ਸ੍ਰੀ ਰਾਮ ਸੈਨਾ ਦੇ ਕੌਮੀ ਮੀਤ ਪ੍ਰਧਾਨ ਗੁਰਬਚਨ ਸਿੰਘ, ਖਜ਼ਾਨਚੀ ਵਿਨੋਦ ਗੋਇਲ, ਸਕੱਤਰ ਸੰਦੀਪ ਸਚਦੇਵਾ ਸ਼ਾਮਲ ਹਨ। ਨਿਸ਼ਾਂਤ ਸ਼ਰਮਾ, ਡੀਡੀ ਰਾਣਾ ਅਤੇ ਰਾਜੇਸ਼ ਜਿੰਦਲ ਨੇ ਦੱਸਿਆ ਕਿ ਸ਼ਿਵ ਸੈਨਾ ਹਿੰਦ, ਸ਼੍ਰੀ ਰਾਮ ਸੈਨਾ, ਅਤੇ ਰਾਸ਼ਟਰੀ ਗਊ ਰਕਸ਼ਾ ਦਲ ਹੁਣ ਗਊਆਂ ਦੀ ਰੱਖਿਆ ਲਈ



ਇੱਕਜੁੱਟ ਹੋ ਕੇ ਦੇਸ਼ ਵਿਰੋਧੀ ਤਾਕਤਾਂ ਦੇ ਖਿਲਾਫ ਇੱਕਜੁੱਟ ਹੋ ਕੇ ਲੜਨਗੇ। ਉਨ੍ਹਾਂ ਕਿਹਾ ਕਿ ਸਨਾਤਨ ਸੰਸਕ੍ਰਿਤੀ ਦੀ ਰੱਖਿਆ ਅਤੇ ਪ੍ਰਫੁੱਲਤ ਕਰਨ ਲਈ ਤਿੰਨੋਂ ਸੰਸਥਾਵਾਂ ਸਾਂਝੇ ਤੌਰ 'ਤੇ ਕਈ ਵੱਡੀਆਂ ਮੁਹਿੰਮਾਂ ਚਲਾਉਣਗੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹੁਣ ਵੱਡੇ ਪੱਧਰ 'ਤੇ ਆਪਣੀ ਆਵਾਜ਼ ਬੁਲੰਦ ਕਰਨ ਲਈ ਇੱਕ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਹੈ। ਹੁਣ, ਇਨ੍ਹਾਂ ਤਿੰਨਾਂ ਸੰਗਠਨਾਂ ਨੇ ਅੱਤਵਾਦ ਅਤੇ ਹਿੰਦੂ ਵਿਰੋਧੀਆਂ ਵਿਰੁੱਧ ਬਿਗਲ ਵਜਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿੱਚ ਹਿੰਦੂਆਂ ਅਤੇ ਪ੍ਰਵਾਸੀਆਂ ਵਿਰੁੱਧ ਸਾਜ਼ਿਸ਼ ਰਚਣ ਵਾਲਿਆਂ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਹਿੰਦੂ ਦੇਵੀ-ਦੇਵਤਿਆਂ, ਸੰਤਾਂ, ਰਿਸ਼ੀਆਂ ਅਤੇ ਧਾਰਮਿਕ ਗ੍ਰੰਥਾਂ, ਜਿਨ੍ਹਾਂ ਵਿੱਚ ਗਊ ਵੀ ਸ਼ਾਮਲ ਹੈ, ਦਾ ਅਪਮਾਨ ਕਰਨ ਵਾਲੇ ਸਮਾਜ ਵਿਰੋਧੀ ਤੱਤਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਨਿਸ਼ਾਂਤ ਸ਼ਰਮਾ ਨੇ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਹਿੰਦੂ ਨੇਤਾ ਸੁਧੀਰ ਸੂਰੀ ਦੇ ਕਤਲ ਕੇਸ ਦੇ ਦੋਸ਼ੀ ਸੰਦੀਪ ਸਿੰਘ ਸੰਨੀ ਵੱਲੋਂ ਇੱਕ ਸਾਬਕਾ ਡੀਐਸਪੀ ਅਤੇ ਸਜ਼ਾ ਭੁਗਤ ਰਹੇ ਦੋ ਸਾਬਕਾ ਇੰਸਪੈਕਟਰਾਂ 'ਤੇ ਡੰਡੇ ਨਾਲ ਹਮਲਾ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰਨ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਇਲਾਜ ਦੌਰਾਨ ਜ਼ਖਮੀ ਹੋਏ ਸਾਬਕਾ ਇੰਸਪੈਕਟਰ ਸੂਬਾ ਸਿੰਘ ਦੀ ਮੌਤ ਹੋ ਗਈ ਹੈ, ਜੋ ਕਿ ਬਹੁਤ ਹੀ ਦੁਖਦਾਈ ਘਟਨਾ ਹੈ। ਉਹਨਾਂ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇੰਸਪੈਕਟਰ ਸੂਬਾ ਸਿੰਘ ਦੇ ਕਾਤਲ ਸੰਦੀਪ ਸਿੰਘ ਸੰਨੀ ਨੂੰ ਸੁਧੀਰ ਸੂਰੀ ਦੇ ਨਾਲ-ਨਾਲ ਭਾਰਤ ਦੀਆਂ ਸਭ ਤੋਂ ਸੁਰੱਖਿਅਤ ਜੇਲ੍ਹਾਂ ਵਿੱਚੋਂ ਚੁੱਕਕੇ , ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜਿਆ ਜਾਵੇ ਅਤੇ ਉਹਦੇ ਵਿਰੁੱਧ ਕਤਲ ਦਾ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਜੇਲ੍ਹ ਵਿੱਚ ਹੋਏ ਘਾਤਕ ਹਮਲੇ ਨੂੰ ਰੋਕਣ ਵਿੱਚ ਅਸਫਲ ਰਹਿਣ ਵਾਲੇ ਲਾਪਰਵਾਹ ਅਧਿਕਾਰੀਆਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਇਸ ਹਮਲੇ ਦੇ ਪਿੱਛੇ ਕੌਣ ਸੀ, ਇਹ ਪਤਾ ਲਗਾਉਣ ਲਈ ਪੂਰੀ ਜਾਂਚ ਕੀਤੀ ਜਾਵੇ।

**ਫੋਟੋ ਅਜਮੇਰ ਦੀਵਾਨਾ**

## 27 ਸਤੰਬਰ

ਅੱਜ ਵਿਸ਼ਵੀ ਸੈਰ ਸਪਾਟਾ ਦਿਵਸ ਦੀਆਂ,
ਲੱਖ ਲੱਖ ਹੋਣ ਵਧਾਈਆਂ ।
ਇਸ ਵਾਰੀ ਦੀਆਂ ਖ਼ੁਸ਼ੀਆਂ ਦੇਸ਼ ,
ਮਲੇਸ਼ੀਆ ਹਿੱਸੇ ਆਈਆਂ ।
ਪਰ ਬਹੁ ਗਿਣਤੀ ਲੋਕਾਂ ਦੀ ਮੁਢਲੀ ,
ਲੋੜ ਨਾ ਹੁੰਦੀ ਪੂਰੀ ;
ਅੱਤ ਦੀ ਮਹਿੰਗਾਈ ਨੇ ਦਿਲ 'ਚੋਂ ,
ਸੱਧਰਾਂ ਮਾਰ ਮੁਕਾਈਆਂ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਦੀਦਾਰ ਦੇ ਸਦਕੇ

ਦੀਦਾਰ ਦੇ ਸਦਕੇ
ਸੋਹਣੇ ਯਾਰ ਦੇ ਸਦਕੇ।

ਨਿਰਾਕਾਰ ਨਾਲ ਜੁੜਦੀ
ਦਿਲ ਦੀ ਤਾਰ ਦੇ ਸਦਕੇ ।

ਜੀਉ ਤੇ ਜਖਮ ਬਥੇਰੇ ਨੇ
ਹਿਜ਼ਰ ਦੇ ਵਾਰ ਦੇ ਸਦਕੇ ।

ਵਾਰਾਂ ਸਭ ਸ਼ੈ ਤੇਥੋਂ ਮੈਂ
ਐਸੀ ਹਾਰ ਦੇ ਸਦਕੇ।

ਖਸਮ ਨੂੰ ਭਾਵੇ ਜੋ ਜੋ ਵੀ
ਸੋਲ਼ਾਂ ਸ਼ਿੰਗਾਰ ਦੇ ਸਦਕੇ ।

ਹਰ ਸ਼ੈ ਤੋਂ ਉੱਚਾ ਜੋ
ਐਸੇ ਪਿਆਰ ਦੇ ਸਦਕੇ।

ਖੰਡੇ ਦੀ ਧਾਰ ਤੋਂ ਤਿੱਖੀ
ਇਸ਼ਕ ਦੀ ਧਾਰ ਦੇ ਸਦਕੇ।


ਪਿਰ ਨੂੰ ਸੋਹੰਦੀ ਤੇ ਭਾਵੇ
ਸੁਨੱਖੀ ਨਾਰ ਦੇ ਸਦਕੇ।



**ਨੀਤੂ (ਕਵਿੱਤਰੀ )**

## ਸਰਹੱਦਾਂ ਖੜੀਆਂ

ਸਰਹੱਦਾਂ ਖੜੀਆਂ ਨੇ...
ਜੰਗਾਂ ਲੜੀਆਂ ਨੇ...
ਨਾ ਉਹ ਜਿੱਤੇ,
ਨਾ ਇਹ ਹਾਰੇ...
ਸਰਹੱਦਾਂ.......
ਜੰਗਾਂ.....
ਮਾਵਾਂ ਦੇ ਜਾਏ ਇਧਰੋਂ ਵੀ ਮਰੇ
ਮਾਵਾਂ ਦੇ ਜਾਏ ਉਧਰੋਂ ਵੀ ਮਰੇ
ਸਰਹੱਦਾਂ......
ਜੰਗਾਂ......
ਲਹੂ ਦਾ ਰੰਗ ਲਾਲ ਸੀ
ਕੁੱਝ ਉਧਰ ਡੁਲਿਆ
ਕੁੱਝ ਇਧਰ ਡੁਲਿਆ
ਨਾ ਉਹ ਹਰਿਆ
ਨਾ ਇਹ ਜਿੱਤਿਆ
ਸਰਹੱਦਾਂ....
ਜੰਗਾਂ.....
ਸੰਧੂਰ ਉਧਰੋਂ ਵੀ ਉਤਰੇ
ਸੰਧੂਰ ਇਧਰੋਂ ਵੀ ਉਤਰੇ
ਸੀ ਤੇ ਉਹ ਰੱਖਵਾਲੇ ਸਰਹੱਦਾਂ ਦੇ
ਚਾਹੇ ਉਹ ਉਧਰਲੇ ਸੀ
ਚਾਹੇ ਇਹ ਇਧਰਲੇ ਸੀ
ਸਰਹੱਦਾਂ....
ਜੰਗਾਂ.....
ਅਸਲਾ ਉਧਰੋਂ ਵੀ ਚਲਿਆ
ਅਸਲਾ ਇਧਰੋਂ ਵੀ ਵਗਿਆ
ਜਦ ਵੀ ਮਰਿਆ ਅੰਨਦਾਤਾ ਹੀ ਮਰਿਆ
ਚਾਹੇ ਅੰਨਦਾਤਾ ਇਧਰ ਸੀ
ਚਾਹੇ ਅੰਨਦਾਤਾ ਉਧਰ ਸੀ
ਸਰਹੱਦਾਂ....
ਜੰਗਾਂ.....
ਨਾ ਉਹ ਜਿੱਤੇ...
ਨਾ ਇਹ ਹਰੇ....
ਸਰਹੱਦਾਂ ਖੜੀਆਂ ਨੇ
ਜੰਗਾਂ ਲੜੀਆਂ ਨੇ....
""ਭੁਪਿੰਦਰ ਸਿਆਣ ""ਨਾ ਉਹ ਜਿੱਤੇ
ਨਾ ਇਹ ਹਰੇ
ਸਰਹੱਦਾਂ ਖੜੀਆਂ ਨੇ
ਸਰਹੱਦਾਂ ਖੜੀਆਂ ਨੇ



**ਸਿਆਣ ਭਪਿੰਦਰ ਸਿੰਘ**
**ਫਗਵਾੜਾ**

## ਅਸਲੀ ਦੁਸ਼ਮਣ

ਸ਼ਹਿਰ ਅਲਾਹਾਬਾਦ ਤੇ ਜਦੋਂ ਗ਼ੁਲਾਮ ਸੀ ਦੇਸ਼,
ਟੇਸ਼ਣ ਉੱਤੇ ਉੱਤਰਿਆ ਸਾਹਬੀ ਸੀ ਇੱਕ ਵੇਸ਼ ।
ਦੂਰ ਦੇ ਇੱਕ ਪਿੰਡ ਸੀ ਟੁਰਕੇ ਉਹਨੇ ਜਾਵਣਾ,
ਦੁਰਗਾ ਭਾਬੀ ਦਾ ਇੱਕ ਸੁਨੇਹਾ ਸੀ ਪਹੁੰਚਾਵਣਾ ।
ਕ੍ਰਾਂਤੀਕਾਰੀ ਦਲ ਵਿੱਚ ਮੈਂਬਰ ਉਹ ਨਵਾਂ ਸੀ,
ਛੈਲ ਛਬੀਲਾ ਬਾਂਕਾ ਅਲੂੰਆਂ ਜਿਹਾ ਜਵਾਂ ਸੀ।
ਜੇਠ ਦਾ ਮਹੀਨਾ ਸੀ ਤੇ ਉੱਤੋਂ ਸਿਖ਼ਰ ਦੁਪਹਿਰ,
ਪੈਦਲ ਟੁਰਕੇ ਜਾਵਣਾ ਤੇ ਗਰਮੀ ਦਾ ਸੀ ਕਹਿਰ।
ਤੱਕਿਆ ਰਾਹ 'ਚ ਖੂਹ ਉਸਨੇ ਪਾਣੀ ਕੱਢਕੇ ਪੀਤਾ,
ਮੁੜਿਆ ਜਦੋਂ,ਖੜ੍ਹਾ ਸੀ ਇੱਕ ਬਿਰਧ ਚੁੱਪ ਚੁਪੀਤਾ।
ਤੱਕਦਾ ਸੀ ਖੂਹ ਵੱਲ ਉਹ ਬੜਾ ਹੀ ਉਦਾਸ,
ਅੱਖੀਆਂ 'ਚ ਉਸਦੇ ਸੀ ਅੰਤਾਂ ਦੀ ਪਿਆਸ।
ਪੰਡ ਭਰ ਸਿਰੋਂ ਉਹਦਿਓਂ ਭਾਰ ਸੀ ਲੁਹਾਇਆ,
ਗੱਭਰੂ ਨੇ ਉਸਨੂੰ ਸੀ ਪਾਣੀ ਕੱਢ ਪਿਲ਼ਾਇਆ।
ਚਿੱਤ ਭਰ ਪੀਅ ਕੇ ਪਾਣੀ ਦਿੱਤੀ ਸੀ ਅਸੀਸ,
ਸਾਹਿਬ ਜੀ ਤੂੰ ਪਹੁੰਚਿਐਂ ਬਣ ਕੇ ਜਗਦੀਸ਼।
ਜਾਤ ਦੇ ਹਾਂ ਨੀਚ ਅਸੀਂ ਸਦਾ ਦੀ ਦੁਰਗ਼ਤ,
ਖੂਹ ਉੱਤੇ ਚੜ੍ਹਨ ਦੀ ਵੀ ਨਹੀਂ ਏ ਇਜ਼ਾਜ਼ਤ।
ਕਿਰਪਾ ਹਜ਼ੂਰ ਦੀ ਜੇ ਪਾਣੀ ਨਾ ਪਿਆਉਂਦਾ,
ਪਹੁੰਚਦਾ ਸੀ ਘਰੇ ਅੱਜ ਗ਼ਰੀਬ ਨਾ ਜਿਉਂਦਾ।
ਟੁਰ ਪਿਆ ਸੀ ਗੱਭਰੂ ਆਪਣੀ ਦਿਸ਼ਾ ਦੇ ਵੱਲ,
ਗ਼ਮਗ਼ੀਨ ਸਮਾਜ ਦੀ ਤੱਕ ਦੁਰਦਸ਼ਾ ਦੇ ਵੱਲ।
ਬੇੜੀਆਂ ਅੰਗ੍ਰੇਜ਼ ਦੀਆਂ ਤਾਂ ਲਾਹ ਹੀ ਸੁੱਟਾਂਗੇ,
ਮਨੂ ਜੀ ਤੇਰੇ ਸੰਗਲ਼ਾਂ ਤੋਂ ਕਦੋਂ ਅਸੀ ਛੁੱਟਾਂ'ਗੇ ।
ਸਾਂਡਰਸ ਦੇ ਕੇਸ ਜਦੋਂ ਜੇਲ੍ਹ ਦੇ ਵਿੱਚ ਬੰਦ ਸੀ,
ਭਗਤ ਸਿੰਘ ਸੂਰਮੇ ਨੇ ਲਿਖਿਆ ਪ੍ਰਸੰਗ ਸੀ।
ਜੇਲ੍ਹ ਡਾਇਰੀ ਜੇ ਨਾ ਕਲਮਬੱਧ ਉਹ ਕਰਦਾ,
ਜਿਵੇਂ ਗਿਆ ਮਾਰਿਆ ਉਹ ਕਦੇ ਨਾ ਸੀ ਮਰਦਾ।
ਅਸਲੀ ਜੋ ਦੁਸ਼ਮਣ ਤਾਂ ਬਿਪ੍ਰ ਹੈ ਜੀ ਦੇਸ਼ ਦਾ,
ਧੂਰਤ ਦੰਭੀ ਲੋਭੀ ਅਤੇ ਚਾਟੂਕਾਰ ਹਮੇਸ਼ ਦਾ।



**ਸ਼ਿੰਦਾ ਬਾਈ**



# ਸਾਰਾਗੜ੍ਹੀ ਦੀ 128ਵੀਂ ਵਰ੍ਹੇਗੰਢ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ ਵਿਖੇ ਬੜੇ ਉਤਸ਼ਾਹ ਨਾਲ ਮਨਾਈ ਗਈ

**●ਪ੍ਰਮੁੱਖ ਸ਼ਖ਼ਸੀਅਤਾਂ ਨੇ 21 ਸਿੱਖ ਫ਼ੌਜੀਆਂ ਦੀ ਲਾਸਾਨੀ ਕੁਰਬਾਨੀ ਨੂੰ ਆਪਣਾ ਸਿੱਜਦਾ ਭੇਂਟ ਕੀਤਾ ●ਸਾਕਾ ਸਾਰਾਗੜ੍ਹੀ ਦੇ ਸ਼ਹੀਦ ਭਾਈ ਸਾਹਿਬ ਸਿੰਘ ਤੇ ਭਾਈ ਗੁਰਮੁਖ ਸਿੰਘ ਦੀ ਚੌਥੀ ਪੀੜ੍ਹੀ ਦੇ ਵਾਰਿਸਾਂ ਨੂੰ ਸਨਮਾਨਿਤ ਕੀਤਾ ਗਿਆ**





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਾਰਾਗੜ੍ਹੀ ਫਾਊਡੇਸ਼ਨ ਵੱਲੋਂ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ ਸਿਵਲ ਲਾਈਨਜ਼ ਲੁਧਿਆਣਾ ਵਿਖੇ ਕਾਲਜ ਦੀ ਮੈਨੇਜਿੰਗ ਕਮੇਟੀ ਦੀ ਸੁਹਿਰਦ ਰਹਿਨੁਮਾਈ, ਕਾਲਜ ਦੀ ਪ੍ਰਿੰਸੀਪਲ ਸ਼੍ਰੀਮਤੀ ਡਾ: ਤ੍ਰਿਪਤਾ ਜੀ, ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਤੇ ਡੋਮਜ਼ ਕੰਪਨੀ ਦੇ ਨਿੱਘੇ ਸਹਿਯੋਗ ਦੇ ਨਾਲ ਅੱਜ ਕਾਲਜ ਦੇ ਖਾਲਸਾ ਦੀਵਾਨ ਸੈਨਟੋਰੀ ਹਾਲ ਅੰਦਰ ਵਿਸ਼ਵ ਪ੍ਰਸਿੱਧ ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਦੀ 128ਵੀਂ ਵਰ੍ਹੇਗੰਢ ਬੜੇ ਉਤਸ਼ਾਹ ਨਾਲ ਮਨਾਈ ਗਈ । ਸਾਕਾ ਸਾਰਾਗੜ੍ਹੀ ਦੌਰਾਨ ਸ਼ਹੀਦ ਹੋਣ ਵਾਲੇ 36 ਸਿੱਖ ਰੈਜ਼ੀਮੈਂਟ ਦੇ ਬਹਾਦਰ 21 ਸਿੱਖ ਫ਼ੌਜ਼ੀਆਂ ਦੀ ਸ਼ਹੀਦੀ ਯਾਦ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਸਮਾਗਮ ਵਿਖੇ ਵਿਸੇਸ਼ ਤੌਰ ਤੇ ਪੁੱਜੇ ਕਰਨਲ ਰਿਟਾ. ਡਾ: ਡੀ.ਐਸ ਗਰੇਵਾਲ, ਸੂਬੇਦਾਰ ਰਿਟਾ. ਚਰਨ ਸਿੰਘ ਕੀਰਤੀ ਚੱਕਰ ਵਿਜੇਤਾ, ਸ੍ਰ: ਸੁਰਿੰਦਰ ਸਿੰਘ ਕਟਾਰੀਆਂ ਚੇਅਰਮੈਨ ਰੋਟਰੀ ਫਾਊਂਡੇਸ਼ਨ ਨੇ ਇਕੱਤਰ ਹੋਈਆਂ ਪ੍ਰਮੁੱਖ ਸ਼ਖਸੀਅਤਾਂ, ਕਾਲਜ ਦੀਆਂ ਵਿਦਿਆਰਥਣਾਂ,ਐਨ.ਸੀ.ਸੀ.ਕੈਡਿਟਾਂ ਨੂੰ ਸੰਬੋਧਨ ਕਰਦਿਆਂ ਆਪਣੀ ਪ੍ਰਭਾਵਸ਼ਾਲੀ ਤਕਰੀਰ ਵਿੱਚ ਕਿਹਾ ਕਿ ਦੁਨੀਆਂ ਦੇ ਇਤਿਹਾਸ ਵਿੱਚ ਸਾਰਾਗੜ੍ਹੀ ਦੀ ਲੜਾਈ ਵਰਗੀਆਂ ਮਿਸਾਲਾਂ ਵਿਰਲੀਆਂ ਹੀ ਮਿਲਦੀਆਂ ਹਨ ਕਿ ਕਿਵੇਂ 36ਵੀਂ ਸਿੱਖ ਰੈਜ਼ੀਮੈਂਟ ਦੇ 21 ਅਣਖੀਲੇ, ਬਹਾਦਰ ਸੂਰਮਿਆਂ ਵੱਲੋਂ 12 ਸਤੰਬਰ 1897 ਨੂੰ "ਨਿਸ਼ਚੈ ਕਰ ਅਪਨੀ ਜੀਤ ਕਰੋਂ" ਦੇ ਸਿਧਾਂਤ ਨੂੰ ਲੈ ਕੇ ਆਪਣੇ ਤੋਂ 500 ਗੁਣਾਂ ਵੱਧ ਹਥਿਆਰਾਂ ਨਾਲ ਲੈਸ ਕਬਾਇਲੀ ਅਫਗਾਨੀਆਂ ਤੇ ਪਠਾਣਾਂ ਨਾਲ ਲੜਦੇ ਹੋਏ ਦ੍ਰਿੜ੍ਹ ਇਰਾਦੇ ਅਤੇ ਹਿੰਮਤ ਦਾ ਜ਼ੋਰਦਾਰ ਪ੍ਰਦਰਸ਼ਨ ਕੀਤਾ । ਜਿਸ ਦੀ ਬਦੌਲਤ ਸ਼ਹੀਦ ਹੋਣ ਵਾਲੇ ਸਮੂਹ ਸਿੱਖ ਫ਼ੌਜ਼ੀਆਂ ਨੂੰ ਉਸ ਵੇਲੇ ਦੀ ਬ੍ਰਿਟਿਸ਼ ਸਰਕਾਰ ਨੇ ਆਪਣੇ ਸਭ ਤੋਂ ਵੱਡੇ ਐਵਾਰਡ ਬ੍ਰਿਟਿਸ਼ ਕਰਾਊਨ ਨਾਲ ਸਨਮਾਨਿਤ ਕੀਤਾ ਸੀ । ਇਸ ਦੌਰਾਨ ਉਨ੍ਹਾਂ ਨੇ ਸਾਰਾਗੜ੍ਹੀ ਫਾਊਂਡੇਸ਼ਨ ਦੇ ਰਣਜੀਤ ਸਿੰਘ ਖਾਲਸਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਕਾਲਜ ਦੀ ਪ੍ਰਿੰਸੀਪਲ ਸ਼੍ਰੀਮਤੀ ਡਾ: ਤ੍ਰਿਪਤਾ ਜੀ, ਕਾਲਜ ਦੇ ਸਮੂਹ ਸਟਾਫ ਕੌਂਸਲ ਮੈਬਰਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕਰਦਿਆਂ ਹੋਇਆਂ ਕਿਹਾ ਕਿ ਉਕਤ ਕਾਲਜ ਵੱਲੋਂ ਸਾਰਾਗੜ੍ਹੀ ਫਾਊਂਡੇਸ਼ਨ ਦੇ ਨਾਲ ਸਾਂਝੇ ਰੂਪ 'ਚ ਸਾਰਾਗੜ੍ਹੀ ਲੜਾਈ ਦੀ 128ਵੀਂ ਵਰ੍ਹੇਗੰਢ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਦਾ ਜੋ ਵੱਡਾ ਉਪਰਾਲਾ ਕੀਤਾ ਹੈ। ਉਹ ਸਾਡੇ ਸਾਰਿਆਂ ਦੇ ਲਈ ਇੱਕ ਪ੍ਰੇਰਣਾ ਦਾ ਸਰੋਤ ਹੈ। ਇਸ ਦੌਰਾਨ ਸਾਰਾਗੜ੍ਹੀ ਫਾਊਂਡੇਸ਼ਨ ਦੇ ਮੀਡੀਆ ਸਲਾਹਕਾਰ ਰਣਜੀਤ ਸਿੰਘ ਖਾਲਸਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਤਿਹਾਸਕ ਸਾਰਾਗੜ੍ਹੀ ਦੀ ਲੜਾਈ ਦੀ ਮਹੱਤਤਾ ਨੂੰ ਸਮੁੱਚੇ ਸੰਸਾਰ ਦੇ ਲੋਕਾਂ ਤੱਕ ਪਹੁੰਚਣ ਦੇ ਮਨੋਰਥ ਨੂੰ ਲੈ ਕੇ ਸਾਡੀ ਫਾਊਂਡੇਸ਼ਨ ਦੇ ਵੱਲੋਂ ਕਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ । ਇਸੇ ਲੜੀ ਦੇ ਅੰਤਰਗਤ ਪਿਛਲੇ ਦਿਨੀ ਸਾਰਾਗੜ੍ਹੀ ਫਾਊਂਡੇਸ਼ਨ ਵੱਲੋਂ ਵਿਸ਼ੇਸ਼ ਤੌਰ ਤੇ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ ਵਿਖੇ ਸਾਰਾਗੜ੍ਹੀ ਚਿੱਤਰ ਬਣਾਉ ਪ੍ਰਤੀਯੋਗਿਤਾ ਅਯੋਜਿਤ ਕੀਤੀ ਗਈ ਤਾਂ ਜੋ ਮੌਜੂਦਾ ਸਮੇਂ ਦੀ ਨੌਜਵਾਨ ਪੀੜ੍ਹੀ ਤੇ ਬੱਚਿਆਂ ਨੂੰ ਬਹਾਦਰ ਸਿੱਖ ਫੌਜ਼ੀਆਂ ਦੀ ਲਾਸਾਨੀ ਕੁਰਬਾਨੀ ਤੋਂ ਜਾਣੂ ਕਰਵਾਇਆ ਜਾ ਸਕੇ । ਸਮਾਗਮ ਦੌਰਾਨ ਆਪਣੇ ਵਿਚਾਰਾਂ ਦੀ ਸਾਂਝ ਕਰਦਿਆ ਕਾਲਜ ਦੀ ਪ੍ਰਿੰਸੀਪਲ ਸ਼੍ਰੀਮਤੀ ਡਾ: ਤ੍ਰਿਪਤਾ ਜੀ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਯਾਦਾਂ ਨੂੰ ਵੱਡੇ ਪੱਧਰ ਤੇ ਮਨਾਉਣਾ ਸਾਡਾ ਸਾਰਿਆਂ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਨੇ ਕਿਹਾ ਕਿ ਸਾਰਾਗੜ੍ਹੀ ਦੀ ਜੰਗ ਵਿੱਚ ਸ਼ਹੀਦ ਹੋਣ ਵਾਲੇ 21 ਸਿੱਖ ਫੌਜ਼ੀਆਂ ਦੀ ਲਾਸਾਨੀ ਸ਼ਹਾਦਤ ਨੂੰ ਆਪਣਾ ਸਿੱਜਦਾ ਭੇਟ ਕਰਨ ਹਿੱਤ ਵਿਸ਼ਵ ਦੇ ਕਈ ਦੇਸ਼ਾਂ ਜਿਵੇਂ ਬ੍ਰਿਟੇਨ, ਫਰਾਂਸ ਅਤੇ ਆਸਟ੍ਰੇਲੀਆ ਆਦਿ ਦੇ ਸਕੂਲਾਂ ਵਿੱਚ "ਬੈਟਲ ਆਫ ਸਾਰਾਗੜ੍ਹੀ" ਨੂੰ ਇੱਕ ਵਚਿੱਤਰ ਸੂਰਬੀਰਤਾ ਗਾਥਾ ਦੇ ਰੂਪ ਵਜੋਂ ਪੜ੍ਹਾਇਆ ਜਾਂਦਾ ਹੈ ਤਾਂ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਸਿੱਖ ਫੌਜ਼ੀਆਂ ਦੀ ਕੁਰਬਾਨੀ ਤੋਂ ਪ੍ਰੇਰਣਾ ਲੈ ਸਕਣ । ਸਮਾਗਮ ਦੌਰਾਨ ਕਾਲਜ ਦੀਆ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ, ਬੀਰ ਰਸੀ ਕਵਿਤਾਵਾਂ ਦੀ ਪੇਸ਼ਕਾਰੀ ਕਰਕੇ ਸਾਰਾਗੜ੍ਹੀ ਸ਼ਹੀਦਾਂ ਨੂੰ ਆਪਣਾ ਸਿੱਜਦਾ ਭੇਂਟ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸਾਰਾਗੜ੍ਹੀ ਫਾਊਂਡੇਸ਼ਨ ਦੇ ਵੱਲੋਂ ਜਿੱਥੇ ਸਾਕਾ ਸਾਰਾਗੜ੍ਹੀ ਦੇ ਸ਼ਹੀਦ ਭਾਈ ਸਾਹਿਬ ਸਿੰਘ ਦੀ ਚੌਥੀ ਪੀੜ੍ਹੀ ਦੇ ਵਾਰਿਸਾਂ ਸ੍ਰ: ਹਰਜਿੰਦਰ ਸਿੰਘ, ਸਵਰਨਜੀਤ ਕੌਰ, ਜਗਦੀਪ ਸਿੰਘ, ਜਸਵਿੰਦਰ ਕੌਰ ਅਤੇ ਸ਼ਹੀਦ ਭਾਈ ਗੁਰਮੁਖ ਸਿੰਘ ਦੀ ਚੌਥੀ ਪੀੜ੍ਹੀ ਦੇ ਵਾਰਿਸ ਬੀਬੀ ਜਸਪਾਲ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਉਥੇ ਨਾਲ ਹੀ ਕਰਨਲ ਰਿਟਾ. ਡਾ: ਡੀ.ਐਸ ਗਰੇਵਾਲ ਤੇ ਸੂਬੇਦਾਰ ਰਿਟਾ. ਸ੍ਰ: ਚਰਨ ਸਿੰਘ ਕੀਰਤੀ ਚੱਕਰ ਵਿਜੇਤਾ ਨੂੰ ਵੀ ਵਿਸੇਸ਼ ਤੌਰ ਸ਼ਹੀਦਾਂ ਦੇ ਨਾਮ ਤੇ ਬਣੇ ਐਵਾਰਡ ਭੇਟ ਕੀਤੇ ਗਏ। ਇਸ ਦੌਰਾਨ ਖਾਲਸਾ ਕਾਲਜ ਫਾਰ ਵੂਮੈਨ ਦੀ ਐਨ.ਸੀ.ਸੀ.ਅਫ਼ਸਰ ਪਰਮਜੀਤ ਕੌਰ ਅਤੇ ਉਕਤ ਸਮਾਗਮ ਨੂੰ ਸਫਲ ਕਰਨ ਹਿੱਤ ਆਪਣਾ ਨਿੱਘਾ ਸਹਿਯੋਗ ਦੇਣ ਵਾਲੀਆ ਪ੍ਰਮੁੱਖ ਸ਼ਖਸੀਅਤਾਂ ਅਤੇ ਸਾਰਾਗੜ੍ਹੀ ਚਿੱਤਰ ਬਣਾਉ ਪ੍ਰਤੀਯੋਗਤਾਂ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮਾਗਮ ਅੰਦਰ ਕਾਲਜ ਦੀ ਮੈਨੇਜਿੰਗ ਕਮੇਟੀ ਮੈਬਰ ਸ਼੍ਰੀਮਤੀ ਕੁਸ਼ਲ ਢਿੱਲੋਂ, ਡਾ: ਮੁਕਤੀ ਗਿੱਲ ਡਾਇਰੈਕਟਰ ਖਾਲਸਾ ਇੰਸਟੀਚਿਊਟ, ਡਾ: ਕਮਲਜੀਤ ਗਰੇਵਾਲ ਪ੍ਰਿੰਸੀਪਲ ਖਾਲਸਾ ਕਾਲਜ ਫਾਰ ਵੂਮੈਨ, ਡਾ: ਹਰਪ੍ਰੀਤ ਕੌਰ, ਸ਼੍ਰੀਮਤੀ ਕਰਮਜੀਤ ਕੌਰ ਪ੍ਰਿੰਸੀਪਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗਰਲਜ਼, ਡਾ: ਰਣਜੀਤ ਸਿੰਘ ਪ੍ਰਧਾਨ ਰੋਟਰੀ ਕਲੱਬ ਆਫ ਲੁਧਿਆਣਾ ਸਿਟੀ, ਸ੍ਰ: ਅਜੈਬ ਸਿੰਘ ਅਤੇ ਉਨ੍ਹਾਂ ਦੇ ਮੈਂਬਰ ਸਾਥੀ, ਡੋਮਜ਼ ਕੰਪਨੀ ਦੇ ਪ੍ਰਮੁੱਖ ਅਧਿਕਾਰੀ ਸ਼੍ਰੀ ਹਰਜਸ ਅਰੋੜਾ, ਸ਼੍ਰੀ ਸ਼ਤੀਸ਼ ਸੁਨੇਜਾ, ਸ਼੍ਰੀ ਸਾਇਲ ਗੋਇਲ, ਅੰਮ੍ਰਿਤਪਾਲ ਸਿੰਘ ਯੂਨਾਈਟਿਡ ਸਿੱਖਜ਼ ਡਾਇਰੈਕਟਰ ਪੰਜਾਬ, ਮੈਡਮ ਕੁਲਵੰਤ ਸ਼ੀਰਾ, ਕਾਲਜ ਦੀ ਸੀਨੀਅਰ ਸਟਾਫ ਕੌਂਸਲ ਦੇ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਸਚਦੇਵਾ ਸਟਾਕਸ ਨੇ ਵਿਦਿਆਰਥੀ ਨੂੰ ਵਾਕਾਥੌਨ ਲਈ ਕੀਤਾ ਉਤਸ਼ਾਹਿਤ : ਪਰਮਜੀਤ ਸਚਦੇਵਾ

## ਸਰਕਾਰੀ ਸਕੂਲ ਫਲਾਹੀ ਵਿਖੇ ਬੱਚਿਆਂ ਨੂੰ ਪੈਦਲ ਚੱਲਣ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਫਿਟ ਬਾਈਕਰ ਕਲੱਬ ਹੁਸ਼ਿਆਰਪੁਰ ਵਲੋਂ 2 ਨਵੰਬਰ 2025 ਨੂੰ 5 ਕਿਲੋਮੀਟਰ ਸਚਦੇਵਾ ਸਟਾਕਸ ਹੁਸ਼ਿਆਰਪੁਰ ਵਾਕਾਥੌਨ ਦਾ ਆਯੋਜਨ ਕੀਤਾ ਜਾ ਰਿਹਾ ਹੈ।ਕਲੱਬ ਮੈਂਬਰਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਲਾਹੀ ਦਾ ਦੌਰਾ ਕਰਕੇ ਵਿਦਿਆਰਥੀਆਂ ਨੂੰ ਵਾਕਾਥੌਨ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਮ੍ਰਿਦੂਲਾ ਸ਼ਰਮਾ, ਵਰਿੰਦਰ ਸੈਣੀ, ਨਰਿੰਦਰ ਕੁਮਾਰ, ਅਰਚਨਾ ਕਾਲੀਆ, ਰੁਪਿੰਦਰ ਕੌਰ, ਅਮਰਜੀਤ ਸਿੰਘ, ਅੱਛਰ ਸਿੰਘ, ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਸੰਗੀਤਾ, ਰਮਿਤਾ ਵਾਲੀਆ, ਅਮਨਦੀਪ ਕੌਰ, ਬਬੀਤਾ, ਅਰਵਿੰਦ ਕੁਮਾਰ, ਜਗੀਰ ਸਿੰਘ, ਮੈਡਮ ਮਮਤਾ, ਪਰਮਜੀਤ ਕੌਰ, ਆਰਤੀ ਸਿੰਘ, ਗੁਰਪ੍ਰੇਮ ਸਿੰਘ ਸ਼ਰਮਾ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ । ਇਸ ਮੌਕੇ ਕਲੱਬ ਦੇ ਪ੍ਰਧਾਨ ਪਰਮਜੀਤ ਸਚਦੇਵਾ ਨੇ ਵਿਦਿਆਰਥੀਆਂ ਨੂੰ ਵਾਕਾਥੌਨ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਫਿੱਟ ਬਾਈਕਰ ਕਲੱਬ ਸਮੇਂ-ਸਮੇਂ 'ਤੇ ਅਜਿਹੀਆਂ ਗਤੀਵਿਧੀਆਂ ਦਾ ਆਯੋਜਨ ਕਰਕੇ ਇੱਕ ਸਿਹਤਮੰਦ ਅਤੇ ਤੰਦਰੁਸਤ ਸਮਾਜ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਵਾਕਾਥੌਨ ਸਵਰਗੀ ਐਥਲੀਟ ਫੌਜਾ ਸਿੰਘ ਨੂੰ ਸਮਰਪਿਤ ਹੈ। ਸ਼ਹਿਰ ਦਾ ਹਰ ਨਿਵਾਸੀ ਇਸ ਵਾਕਾਥੌਨ ਵਿੱਚ ਹਿੱਸਾ ਲੈ ਸਕੇਗਾ, ਅਤੇ ਇਸ ਤੋਂ ਇਲਾਵਾ, 8 ਸਾਲ ਤੱਕ ਦੇ ਬੱਚਿਆਂ ਲਈ 5 ਕਿਲੋਮੀਟਰ ਸਾਈਕਲਾਥੌਨ ਵੀ ਆਯੋਜਿਤ ਕੀਤਾ ਜਾ ਰਿਹਾ ਹੈ। ਬੱਚਿਆਂ ਲਈ ਇੱਕ ਵਿਸ਼ੇਸ਼ ਵਿਸ਼ੇਸ਼ਤਾ ਇਹ ਹੈ ਕਿ ਉਹ ਕਿਸੇ ਵੀ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਣਗੇ, ਭਾਵੇਂ ਇਹ ਵਾਕਾਥੌਨ ਹੋਵੇ ਜਾਂ ਸਾਈਕਲਾਥੌਨ। ਉਨ੍ਹਾਂ ਅੱਗੇ ਦੱਸਿਆ ਕਿ ਰਜਿਸਟ੍ਰੇਸ਼ਨ ਫੀਸ 50 ਰੁਪਏ ਹੈ, ਅਤੇ ਇਕੱਠੇ ਕੀਤੇ ਗਏ ਸਾਰੇ ਫੰਡ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਨੂੰ ਦਾਨ ਕੀਤੇ ਜਾਣਗੇ, ਤਾਂ ਜੋ ਵਿਸ਼ੇਸ਼ ਬੱਚਿਆਂ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਪਰਮਜੀਤ ਸਚਦੇਵਾ ਨੇ ਦੱਸਿਆ ਕਿ ਭਾਗੀਦਾਰਾਂ ਨੂੰ ਕਲੱਬ ਵੱਲੋਂ ਮੈਡਲ, ਟੀ-ਸ਼ਰਟਾਂ ਅਤੇ ਰਿਫਰੈਸ਼ਮੈਂਟ ਪ੍ਰਾਪਤ ਹੋਣਗੇ, ਅਤੇ ਵਾਕਾਥੌਨ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗਾ। ਇਸ ਮੌਕੇ ਉੱਤਮ ਸਿੰਘ ਸਾਬੀ, ਗੁਰਮੇਲ ਸਿੰਘ, ਸਾਗਰ ਸੈਣੀ, ਅਮਰੇਂਦਰ ਸੈਣੀ, ਮੁਨੀਰ ਨਾਜ਼ਰ, ਦੌਲਤ ਸਿੰਘ, ਸੰਜੀਵ ਸੋਹਲ, ਰੋਹਿਤ ਬੱਸੀ, ਓਕਾਰ ਸਿੰਘ, ਤਰਲੋਚਨ ਸਿੰਘ, ਸੌਰਭ ਸ਼ਰਮਾ, ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ ।

**ਫੋਟੋ ਅਜਮੇਰ ਦੀਵਾਨਾ**

# ਹਰੇਕ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜਾਗਰੂਕ ਕੀਤਾ




**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਜੀ ਅਤੇ ਐਪੀਡੀਮੋਲੋਜਿਸਟ ਡਾਕਟਰ ਰਕੇਸ਼ ਪਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਨਵਰੀਤ ਕੌਰ ਜੀ ਦੀ ਯੋਗ ਅਗਵਾਈ ਹੇਠ ਪਿੰਡ ਮਾਲੇਵਾਲ ਵਿਖੇ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਵਲੋਂ ਮਲੇਰੀਆ ਡੇਂਗੂ ਚਿਕਨਗੁਨੀਆ ਦੇ ਲੱਛਣਾ ਅਤੇ ਬਚਾਓ ਸਬੰਧੀ ਜਾਣਕਾਰੀ ਦਿੱਤੀ ਗਈ ਜਿਵੇ ਹਫਤੇ ਵਿੱਚ ਇੱਕ ਦਿਨ ਡਰਾਈ ਡੇ ਮਨਾਇਆ ਜਾਵੇ ਜਿਸ ਦੋਰਾਨ ਅਪਣੇ ਘਰ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਜਿਵੇਂ ਕੂਲਰਾਂ ਗਮਲਿਆਂ ਪੁਰਾਣੇ ਟਾਇਰਾਂ ਵਿੱਚ ਪਾਣੀ ਨਾ ਖੜਨ ਦਿੱਤਾ ਜਾਵੇ ਇਸ ਮੋਕੇ ਬਰੀਡਰ ਚੈਕਰ ਅਤੇ ਉਨ੍ਹਾਂ ਵਲੋਂ ਘਰ ਘਰ ਜਾ ਕੇ ਲਾਰਵਾ ਚੈਕ ਕੀਤਾ ਗਿਆ ਅਤੇ ਲਾਰਵਾ ਮਿਲਣ ਤੇ ਮੋਕੇ ਤੇ ਨਸ਼ਟ ਕਰਵਾਇਆ ਗਿਆ ਇਸ ਤੋਂ ਬਚਾਓ ਸਬੰਧੀ ਦੱਸਿਆ ਜਿਵੇ ਅਪਣੇ ਸਰੀਰ ਨੂੰ ਕਵਰ ਕਰ ਕੇ ਰੱਖਿਆ ਜਾਵੇ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕ੍ਰੀਮਾ ਦੀ ਵਰਤੋਂ ਕੀਤੀ ਜਾਵੇ ਅਤੇ ਨਾਲ ਹੀ ਉਨ੍ਹਾਂ ਨੂੰ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਡਾਇਰੀਆ ਟਾਈਫਾਇਡ ਹੈਪਾਟਾਈਟਸ ਆਦਿ ਸਬੰਧੀ ਜਾਣਕਾਰੀ ਦਿੱਤੀ ਗਈ ਇਸ ਤੋਂ ਬਚਾਓ ਲਈ ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਪਣੇ ਹੱਥਾ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਚਾਹੀਦਾ ਹੈ ਪਾਣੀ ਨੂੰ ਚੰਗੀ ਤਰ੍ਹਾਂ ਉਬਾਲ ਕੇ ਠੰਡਾ ਕਰਕੇ ਪੀਣਾ ਚਾਹੀਦਾ ਹੈ ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ ਇਸ ਮੌਕੇ ਸਿਹਤ ਵਿਭਾਗ ਵੱਲੋਂ ਕਰਾਂਤੀ ਪਾਲ ਸਿੰਘ ਰੌੜੀ ਰਵਿੰਦਰ ਕੁਮਾਰ ਬਰੀਡਰ ਚੈਕਰ ਆਦਿ ਹਾਜ਼ਿਰ ਸਨ।

# ਭਗਵੰਤ ਮਾਨ ਸਰਕਾਰ ਕਿਸਾਨਾਂ ਦੀ ਹਰ ਮੁਸ਼ਕਿਲ ਹੱਲ ਕਰੇਗੀ : ਸੰਤੋਸ਼ ਕਟਾਰੀਆ



**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਬੀਬੀ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਮਾਨ ਸਰਕਾਰ ਹਮੇਸ਼ਾ ਪੰਜਾਬ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਮਾਨ ਸਰਕਾਰ ਵੱਲੋਂ ਹੜ੍ਹ ਪੀੜਤ ਕਿਸਾਨਾਂ ਦਾ ਸੰਕਟ ਵਿੱਚ ਸਾਥ ਦੇਣ ਲਈ ਕਣਕ ਦੀ ਬਿਜਾਈ ਲਈ ਮੁਫ਼ਤ ਬੀਜ ਦਿੱਤਾ ਜਾ ਰਿਹਾ। ਇਸ ਸੰਬੰਧੀ ਬੀਬੀ ਸੰਤੋਸ਼ ਕਟਾਰੀਆ ਨੇ ਦੱਸਿਆ ਕਿ ਲਗਭਗ 5 ਲੱਖ ਏਕੜ ਰਕਬੇ ਲਈ 2 ਕੁਇੰਟਲ ਕਣਕ ਦਾ ਬੀਜ ਕਿਸਾਨਾਂ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਬਾਕੀ ਖੇਤਰਾਂ ਵਿੱਚ ਕਣਕ ਦੇ ਬੀਜ 'ਤੇ ਸਬਸਿਡੀ ਲਈ ₹17 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਹੈ।ਵਿਧਾਇਕਾ ਨੇ ਦੱਸਿਆ ਕਿ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ।ਸੂਬੇ ਦੇ ਕਿਸਾਨਾਂ ਨੂੰ ਹੜ੍ਹਾਂ ਕਾਰਨ ਹੋਏ ਨੁਕ-ਸਾਨ ਵਿੱਚੋਂ ਨਿਕਲਣ ਆਪ ਸਰਕਾਰ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ।ਇਸ ਹਾਲਾਤ ਵਿੱਚ ਕਿਸਾਨਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ।ਵਿਧਾਇਕਾਂ ਨੇ ਦੱਸਿਆ ਕਿ ਹੜ੍ਹਾਂ ਕਾਰਨ ਹੋਈ ਤਬਾਹੀ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਪੰਜਾਬ ਨੇ ਪਹਿਲਾਂ ਕਦੇ ਵੀ ਇੰਨਾਂ ਨੁਕਸਾਨ ਨਹੀਂ ਦੇਖਿਆ।

# *ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਮੰਗਾ ਦੇ ਹੱਲ ਲਈ 29 ਸਤੰਬਰ ਤੋਂ ਕਲਮ ਛੱਡੋ ਹੜਤਾਲ (ਪੋਸ਼ਣ ਟਰੈਕਰ ਐਪ ਬੰਦ ): ਬਲਜੀਤ ਕੌਰ ਮੱਲਪੁਰੀ

## ਕੇਂਦਰ ਸਰਕਾਰ ਵੱਲੋਂ ਬਜਟ ਆਉਣ ਦੇ ਬਾਵਜੂਦ ਵੀ ਮੋਬਾਇਲ ਦੇਣ ਤੇ ਮਾਨਭੱਤੇ ਵਿੱਚ ਪੰਜਾਬ ਸਰਕਾਰ ਵੱਲੋਂ ਦੇਰੀ-ਲਖਵਿੰਦਰ ਕੌਰ




**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਵੱਲੋਂ ਜਿਲ੍ਹਾ ਪ੍ਰਧਾਨ ਬਲਜੀਤ ਕੌਰ ਮੱਲਪੁਰੀ ਦੀ ਅਗਵਾਈ ਵਿੱਚ ਜਿਲ੍ਹਾ ਵਰਕਿੰਗ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ 4 ਬਲਾਕਾਂ ਤੋਂ ਚੁਣੇ ਹੋਏ ਮੈਂਬਰ ਹਾਜ਼ਰ ਸਨ । ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਬਲਜੀਤ ਕੌਰ ਨੇ ਕਿਹਾ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਆਂਗਣਵਾੜੀ ਵਰਕਰਾਂ ਨੂੰ ਲੈ ਕੇ ਨੀਤੀਆਂ ਉੱਤੇ ਚਰਚਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਈ.ਸੀ.ਡੀ.ਐਸ ਸਕੀਮ ਪੰਜਾਹ ਵਰੇ ਪੂਰੇ ਕਰ ਚੁੱਕੀ ਹੈ ਇੱਕ ਪਾਸੇ ਤਾਂ ਇਹ ਸਕੀਮ ਆਪਣੀ ਗੋਲਡਨ ਜੁਬਲੀ ਮਨਾਉਣ ਜਾ ਰਹੀ ਹੈ। ਦੂਜੇ ਪਾਸੇ ਇਸ ਵਿੱਚ ਕੰਮ ਕਰਨ ਵਾਲੀਆਂ ਆਂਗਨਵਾੜੀ ਵਰਕਰ ਅਤੇ ਹੈਲਪਰ ਅੱਜ ਵੀ ਨਿਗੁਣੇ ਜਿਹੇ ਮਾਨਭੱਤੇ ਵਿੱਚ ਕੰਮ ਕਰਨ ਲਈ ਮਜਬੂਰ ਹਨ ਅਤੇ ਉਹ ਵੀ ਪੰਜ ਪੰਜ ਮਹੀਨੇ ਦਿੱਤਾ ਨਹੀਂ ਜਾਂਦਾ। ਆਂਗਣਵਾੜੀ ਕੇਂਦਰਾਂ ਦੇ ਕਿਰਾਏ ਸਮੇਂ ਸਿਰ ਨਹੀਂ ਦਿੱਤੇ ਜਾ ਰਹੇ। ਆਂਗਣਵਾੜੀ ਕੇਂਦਰਾਂ ਨੂੰ ਪੋਸ਼ਣ ਟਰੈਕ ਰਾਹੀਂ ਕੇਂਦਰ ਸਰਕਾਰ ਵੱਲੋਂ ਟਰੈਕ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਦੀ ਨੀਤੀ ਅਨੁਸਾਰ ਹਰ ਲਾਭਪਾਤਰੀ ਨੂੰ ਉਸ ਦੀ ਈ.ਕੇ.ਵਾਈ ਸੀ ਕਰਦੇ ਹੋਏ ਫੇਸ਼ੀਅਲ ਰਿਕੋਗਨਾਈਜੇਸ਼ਨ ਸਿਸਟਮ ਨਾਲ ਵੀ ਜੋੜਨਾ ਹੈ । ਜਿਸ ਦੇ ਤਹਿਤ ਬਹੁਤ ਹੀ ਮਿਹਨਤ ਤੋਂ ਬਾਅਦ ਵੀ 60% ਲੋਕ ਹੀ ਜੁੜ ਪਾਏ ਹਨ ਤੇ 40 ਪ੍ਰਤੀਸ਼ਤ ਲੋਕ ਇਸ ਲਾਭ ਤੋਂ ਵਾਂਝੇ ਹੋਣ ਦਾ ਖਾਦਸਾ ਹੈ। ਜਦੋਂ ਕਿ ਭੁੱਖ ਮਰੀ ਵਿੱਚ ਭਾਰਤ 105 ਨੰਬਰ ਤੇ ਹੈ । ਜਥੇਬੰਦੀ ਮੰਗ ਕਰਦੀ ਹੈ ਕਿ ਜੇਕਰ ਸਰਕਾਰ ਇਸ ਨੂੰ ਪਾਰਦਰਸ਼ਤਾ ਵਿੱਚ ਲੈ ਕੇ ਹੀ ਆਉਣਾ ਚਾਹੁੰਦੀ ਹੈ ਤਾਂ ਇਸ ਦੇ ਲਈ ਸੁਖਾਲੇ ਤਰੀਕੇ ਵੀ ਅਪਣਾਏ ਜਾ ਸਕਦੇ ਹਨ।

ਜ਼ਿਲ੍ਹਾ ਜਨਰਲ ਸੈਕਟਰੀ ਲਖਵਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੋਸ਼ਣ ਟ੍ਰੈਕਰ ਐਪਰ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਜੋ ਕੰਮ ਵਾਸਤੇ ਮੋਬਾਇਲ ਅਤੇ ਇੰਟਰਨੈਟ ਖਰਚ ਦਿੱਤੇ ਜਾਣੇ ਸਨ ਉਹ ਪੰਜਾਬ ਵਿਚ ਅਜੇ ਤੱਕ ਮੋਬ-ਾਇਲ ਨਹੀਂ ਖਰੀਦੇ ਗਏ। ਪੰਜਾਬ ਦੀਆਂ ਆਂਗਣਵਾੜੀ ਵਰਕਰ ਆਪਣਾ ਨਿੱਜੀ ਮੋਬਾਈਲ ਇਸਤੇਮਾਲ ਕਰਦੇ ਹੋਏ ਕੇਂਦਰ ਸਰਕਾਰ ਦੀ ਸਕੀਮਾਂ ਨੂੰ ਚਲਾ ਰਹੀਆਂ ਹਨ । ਆਈ.ਸੀ.ਡੀ.ਐਸ ਸਕੀਮ 50 ਵਰੇ ਚੱਲਣ ਵਾਲੀ ਉਸਤਾਦ ਦੀ ਪਹਿਲੀ ਸਕੀਮ ਹੋਏਗੀ ਜਿਸਨੇ ਕਪੋਸ਼ਨ ਵਰਗੀ ਨਾਮੁਰਾਦ ਬਿਮਾਰੀ ਪੋਲੀਓ ਵਰਗੀ ਬਿਮਾਰੀ ਗਲ ਘੁੱਟੂ ਕਾਲੀ ਖਾਂਸੀ ਤਬਦੀਕ ਵਰਗੀਆਂ ਬਿਮਾਰੀਆਂ ਦੇਸ਼ ਵਿੱਚੋਂ ਖਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅੱਜ ਵੀ ਜੱਚਾ ਅਤੇ ਬੱਚਾ ਵੀ ਦੇਖਭਾਲ ਵਿੱਚ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ ਇਸ ਤੋਂ ਇਲਾਵਾ ਸਮਾਜਿਕ ਸੁਰੱਖਿਆ ਦੀਆਂ ਸਕੀਮਾਂ ਨੂੰ ਨੀਚੇ ਤੱਕ ਲੈ ਕੇ ਜਾਣ ਵਿੱਚ ਆਂਗਣਵਾੜੀ ਵਰਕਰ ਹੈਲਪਰ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਬਾਅਦ ਵੀ ਵਿਭਾਗ ਵੱਲੋਂ ਬਣਦੀ ਸ਼ਾਬਾਸ਼ੇ ਤਾਂ ਕੀ ਦਿੱਤੀ ਜਾਣੀ ਸੀ । ਐਫ ਆਰ ਐਸ ਨਾ ਕਰਨ ਬਦਲੇ ਕਾਰਨ ਦੱਸੋ ਨੋਟਿਸ, ਤਾੜਨਾ ਪੱਤਰ ਅਤੇ ਸੇਵਾਵਾਂ ਖਤਮ ਕਰਨ ਤੱਕ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪੰਜ ਮਹੀਨੇ ਤੋਂ ਕੇਂਦਰ ਸਰਕਾਰ ਵੱਲੋਂ ਬਜਟ ਆਉਣ ਦੇ ਬਾਵਜੂਦ ਵੀ ਮਾਨਭੱਤਾ ਪੰਜਾਬ ਸਰਕਾਰ ਵੱਲੋਂ ਨਹੀਂ ਮਿਲਿਆ । ਪੋਸ਼ਨ ਟਰੈਕ ਐਪ ਉੱਤੇ ਕੰਮ ਕਰਨ ਲਈ ਇਨਸੈਂਟਿਵ ਦਿੱਤਾ ਜਾਂਦਾ ਹੈ । ਜੋ ਅਜੇ ਦਸੰਬਰ 2023 ਤੱਕ ਦਾ ਹੀ ਮਿਲਿਆ ਹੈ ਅਤੇ ਉਸ ਵਿੱਚ ਵੀ ਹੈਲਪਰਾਂ ਨੂੰ 80% ਇਨਸੈਂਟਿਵ ਮਿਲਿਆ ਹੀ ਨਹੀਂ। ਵਿਭਾਗੀ ਅਧਿਕਾਰੀਆਂ ਵੱਲੋਂ ਕੁਝ ਜ਼ਿਲਿਆਂ ਵਿੱਚ ਬਿਨਾਂ ਮੋਬਾਈਲ ਦਿੱਤੇ ਮਾਣਭੱਤਾ ਰੋਕਿਆ ਗਿਆ ਹੈ । ਕੁਝ ਅਧਿਕਾਰੀਆਂ ਵੱਲੋਂ ਆਪਣੇ ਅਹੁਦੇ ਦੀ ਵੀ ਮਰਿਆਦਾ ਨਾ ਰੱਖਦੇ ਹੋਏ ਮੰਦੀ ਸ਼ਬਦਾਂਵਾਲੀ ਦਾ ਇਸਤੇਮਾਲ ਕੀਤਾ ਗਿਆ ਹੈ। ਜੋ ਕਿ ਬਰਦਾਸ਼ਤ ਤੋਂ ਬਾਹਰ ਹੈ। ਇੱਕ ਪਾਸੇ ਤਾਂ ਸਰਕਾਰ ਆਂਗਣਵਾੜੀ ਵਰਕਰ ਨੂੰ ਦੀਦੀ ਦਾ ਦਰਜਾ ਦਿੰਦੀ ਹੈ। ਦੂਜੇ ਪਾਸੇ ਬਲਾਕ ਦੇ ਉੱਚ ਅਧਿਕਾਰੀ ਉਨਾਂ ਦੇ ਮਾਨ ਸਨਮਾਨ ਦੀ ਮਰਿਆਦਾ ਵੀ ਨਹੀਂ ਰੱਖਦੇ। ਜਿਸ ਨੂੰ ਲੈ ਕੇ ਸਮੂਹ ਆਂਗਣਵਾੜੀ ਵਰਕਰ ਹੈਲਪਰਾ ਵਿੱਚ ਤਿੱਖਾ ਰੋਸ ਹੈ ਅਤੇ ਇਸ ਦੇ ਤਹਿਤ ਵਿਭਾਗ ਦੇ ਸਕੱਤਰ ਨੂੰ ਅੱਜ ਨੋਟਿਸ ਭੇਜਦੇ ਹੋਏ ਜਾਣੂ ਕਰਾਇਆ ਜਾਂਦਾ ਹੈ ਕਿ ਜੇਕਰ 28 ਸਤੰਬਰ ਤੱਕ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਆਂਗਣਵਾੜੀ ਵਰਕਰਾਂ ਵੱਲੋਂ ਕਲਮ ਛੱਡਿਆ ਹੜਤਾਲ ਤੇ ਜਾਂਦੇ ਹੋਏ ਪੋਸ਼ਨ ਟਰੈਕ ਐਪ ਨੂੰ ਸੰਪੂਰਨ ਬੰਦ ਕੀਤਾ ਜਾਵੇਗਾ। ਮੋਬਾਇਲ ਨਾਲ ਸੰਬੰਧਿਤ ਸਾਰੇ ਹੀ ਕੰਮ ਪੂਰਨ ਬੰਦ ਕਰ ਦਿੱਤੇ ਜਾਣਗੇ। ਜਿਸ ਦੀ ਜਿੰਮੇਵਾਰੀ ਵਿਭਾਗ ਦੀ ਹੋਵੇਗੀ। ਅੱਜ ਦੀ ਮੀਟਿੰਗ ਵਿੱਚ ਮੀਤ ਪ੍ਰਧਾਨ ਜਸਵੀਰ ਕੌਰ ਸੁਰਾਪੁਰੀ ਸ਼ਾਮਿਲ ਹੋਏ। ਬਲਾਕ ਬੰਗਾ ਤੋਂ ਰਜਨੀ ਬਾਲਾ, ਬਲਾਚੌਰ ਤੋਂ ਸੁਰਿੰਦਰ ਕੌਰ, ਔੜ ਤੋਂ ਇੰਦਰਜੀਤ ਕੌਰ ਅਤੇ ਨਵਾਂਸ਼ਹਿਰ ਤੋਂ ਕਮਲਜੀਤ ਕੌਰ ਆਪਣੇ ਸਰਕਲ ਪ੍ਰਧਾਨਾਂ ਨਾਲ ਸ਼ਾਮਲ ਹੋਏ ।

for more news visit:
www.samajweekly.com

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਡਿਪ੍ਰੈਸ਼ਨ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਣ, ... ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ:

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) ... | £19 |
| NURALACO | (IN OINTMENT OR LOTION) ... | £19 |
| CHILLAGA | (IN OINTMENT OR LOTION) ... | £19 |
| ARNSTRA | (IN OINTMENT) ... (SPRAINS) ... (BED SORES) ... | £19 |
| BELINFLA | (IN OIL OR OINTMENT) ... | £19 |
| BELULCE | (IN OIL) ... ULCERS ... | £19 |
| BRYJOIN | (IN OIL) ... | £19 |
| CALWOUN | (IN OIL OR OINTMENT) ... | £19 |
| BURCAN | (IN LOTION OR OINTMENT) ... | £19 |
| ROUTUM | (IN OINTMENT) ... | £19 |
| JOINRHU | (IN OIL) ... | £19 |
| ABSSIL | (IN LOTION) ... | £19 |
| ITCSUL | (IN OIL) ... | £19 |
| WARTHU | (IN OIL) ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS




MANJEET SINGH KHANBA
Award Winner 1999, 2001 & 2005
(2 Awards) BSYA

# ਚੜ੍ਹਦੀ ਜਵਾਨੀ ਵਿੱਚ ਦੇਸ਼ ਲਈ ਫਾਂਸੀ ਦੇ ਰੱਸੇ ਚੁੰਮਣ ਵਾਲੇ ਸ਼ਹੀਦ ਸਾਡੇ ਦੇਸ਼ ਦਾ ਕੀਮਤੀ ਸਰਮਾਇਆ ਹਨ:- ਡਾਕਟਰ ਪ੍ਰੇਮ ਸਲੋਹ, ਡਾਕਟਰ ਬਲਕਾਰ ਕਟਾਰੀਆ, ਡਾਕਟਰ ਜੈਨਪੁਰ


**ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ,ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਚੜ੍ਹਦੀ ਜਵਾਨੀ ਵਿੱਚ ਫਾਂਸੀ ਦੇ ਰੱਸੇ ਚੁੰਮਣ ਵਾਲ਼ੇ, ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਾਡੇ ਦੇਸ਼ ਦਾ ਬੇਸ਼ਕੀਮਤੀ ਸਰਮਾਇਆ ਹਨ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਏ।ਪਰ ਸਮੇਂ ਸਮੇਂ ਦੀਆਂ



ਸਰਕਾਰਾਂ ਸ਼ਹੀਦਾਂ ਨੂੰ ਆਪਣੇ ਮਤਲਬ ਲਈ ਹੀ ਯਾਦ ਕਰਦੀਆਂ ਹਨ ਉਨ੍ਹਾਂ ਦਾ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਦੂਰ ਦੂਰ ਵਾਸਤਾ ਵੀ ਨਹੀਂ ਹੈ। ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਦੱਸਿਆ ਕਿ 28 ਸਤੰਬਰ ਦਿਨ ਐਤਵਾਰ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਤੇ ਹਰ ਸਾਲ ਦੀ ਤਰ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਜ਼ ਪਿੰਡ ਖਟਕੜ ਕਲਾਂ ਵਿਖੇ ਪਹੁੰਚ ਕੇ ਸ਼ਹੀਦ ਭਗਤ ਸਿੰਘ ਜੀ ਦੀ ਸਮਾਰਕ ਤੇ ਸ਼ਰਧਾ ਦੇ ਫੁੱਲ ਭੇਟ ਕਰਨਗੇ। ਉਸ ਤੋਂ ਪਹਿਲਾਂ ਸਮੂਹ ਮੈਂਬਰ ਪਿੰਡ ਕਾਹਮਾ ਵਿਖੇ ਇਕੱਠੇ ਹੋਣਗੇ ਅਤੇ ਉੱਥੋਂ ਪਿੰਡ ਖਟਕੜ ਕਲਾਂ ਤੱਕ ਨਸ਼ਿਆਂ ਦੇ ਖਿਲਾਫ ਇੱਕ ਚੇਤਨਾ ਮਾਰਚ ਕੱਢਿਆ ਜਾਵੇਗਾ। ਆਲ ਮੈਡੀਕਲ ਪ੍ਰੈਕਟੀਸ਼ਨਰਜ਼ ਇੰਡੀਆ ਵੈਲਫ਼ੇਅਰ ਸੁਸਾਇਟੀ ਦੇ ਕੇਂਦਰੀ ਜੁਆਇੰਟ ਸਕੱਤਰ ਅਤੇ ਬਹਿਰਾਮ ਬਲਾਕ ਦੇ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਅਤੇ ਜ਼ਿਲ੍ਹਾ ਆਰਗੇਨਾਈਜ਼ਿਰ ਸਕੱਤਰ ਡਾਕਟਰ ਸੁਰਿੰਦਰ ਮਹਾਲੋਂ ਨੇ ਸਮੂਹ ਬਲਾਕ ਪ੍ਰਧਾਨ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਆਪਣੇ ਬਲਾਕ ਦੇ ਮੈਂਬਰਾਂ ਦੀ 100% ਸ਼ਮੂਲੀਅਤ ਯਕੀਨੀ ਬਣਾਉਣ। ਇਸ ਸਮੇਂ ਜ਼ਿਲ੍ਹਾ ਵਾਇਸ ਚੇਅਰਮੈਨ ਡਾਕਟਰ ਅਨੂੰਪਿੰਦਰ ਸਿੰਘ ਸੂੰਢ, ਬੰਗਾ ਬਲਾਕ ਦੇ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ, ਜ਼ਿਲ੍ਹਾ ਵਾਇਸ ਕੈਸ਼ੀਅਰ ਡਾਕਟਰ ਸਤਨਾਮ ਸਿੰਘ ਬਜੀਦਪੁਰ, ਸੜੋਆ ਬਲਾਕ ਦੇ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਅਤੇ ਬਲਾਕ ਜਾਡਲਾ ਦੇ ਜ਼ਿਲ੍ਹਾ ਆਗੂ ਡਾਕਟਰ ਨਿਰਮਲ ਸਿੰਘ ਆਦਿ ਮੈਂਬਰ ਹਾਜ਼ਰ ਸਨ।

# " ਫੜ੍ਹ ਲੈ ਵਾਹਿਗੁਰੂ ਜੀ ਦਾ ਪੱਲਾ " ਪੰਜਾਬੀ ਫਿਲਮ ਪੂਰਨ ਤੌਰ ਤੇ ਹੈ ਸਿੱਖਿਆ ਭਰਭੂਰ : ਡੀ ਐੱਸ ਖਾਲਸਾ

**ਬਟਾਲਾ ( ਜਤਿੰਦਰ ਪਾਲ ਸਿੰਘ ਕਲੇਰ )** ਆਪਣਾਂ ਪੰਜਾਬ ਇੰਟਰਟੇਨਮੈਂਟ ਪ੍ਰੋਡਕਸ਼ਨ ਵਲੋਂ ਬਣੀ ਪੰਜਾਬੀ ਫਿਲਮ "ਫੜ੍ਹ ਲੈ ਵਾਹਿਗੁਰੂ ਜੀ ਦਾ ਪੱਲਾ" ਅੱਜ ਪੰਜਾਬ ਦੇ ਨਾਲ ਨਾਲ ਹਰਿਆਣਾ ਤੇ ਮਹਾਰਾਸ਼ਟਰ ਦੇ ਸਿਨੇਮਾ ਘਰਾਂ ਵਿਚ ਲੱਗ ਗਈ ਹੈ ਲੋਕਾਂ ਦਾ ਪਿਆਰ ਭਰਭੂਰ ਮਿਲ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਪਣਾਂ ਪੰਜਾਬ ਇੰਟਰਟੇਨਮੈਂਟ ਪ੍ਰੋਡਕਸ਼ਨ ਦੇ ਮੀਡੀਆ ਐਡਵਾਈਜਰ ਤੇ ਮੁੱਖ ਸੰਪਾਦਕ ਰੋਜ਼ਾਨਾ ਸੱਚ ਟਾਈਮਜ਼ ਪੰਜਾਬੀ ਅਖਬਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸ੍ਰ ਡੀ ਐੱਸ ਖਾਲਸਾ ਜੀ ਨੇ ਦੱਸਿਆ ਕਿ ਇਸ ਫਿਲਮ ਦੇ ਹੀਰੋ ਤੇ ਪ੍ਰੋਡੀਊਸਰ ਡੀ ਐੱਸ ਖੁੰਡੀ ਸਾਹਿਬ ਹਨ। ਅਤੇ ਫਿਲਮ ਦੇ ਗੀਤ ਅਤੇ ਮਿਊਜ਼ਿਕ ਸਾਡੇ ਬਹੁਤ ਹੀ ਪ੍ਰਮ ਮਿੱਤਰ ਬੋਲੀਵੁਡ ਦੇ ਪਲੇਅਬੈਕ ਸਿੰਗਰ ਤੇ ਮਿਊਜਿਕ ਡਾਇਰੈਕਟਰ ਬੱਬਲੀ ਸਿੰਘ ਜੀ ਵੱਲੋਂ ਗੀਤ ਗਾਏ ਅਤੇ ਫਿਲਮ ਦਾ ਸੰਗੀਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਫਿਲਮ ਵਿਚ ਪੋਲੀਵੁਡ ਤੇ ਬੋਲੀਵੁਡ ਦੇ ਨਾਮੀ ਅਦਾਕਾਰਾਂ ਵੱਲੋਂ ਕੰਮ ਕੀਤਾ ਗਿਆ।ਕੁਲ ਮਿਲਾ ਕੇ



ਡੀ ਐੱਸ ਖਾਲਸਾ (ਮੀਡੀਆ ਐਡਵਾਈਜਰ)




ਇਹ ਫਿਲਮ ਬਹੁਤ ਵਧੀਆ ਹੈ। ਫਿਲਮ ਦੀ ਕਹਾਣੀ ਦੋ ਪਰਿਵਾਰਾਂ ਦੀ ਕਹਾਣੀ ਹੈ। ਫਿਲਮ ਚ ਨਸ਼ੇ ਨੂੰ ਰੋਕਣ ਅਤੇ ਕਿਸਾਨੀ ਨੂੰ ਬਚਾਉਣ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਫਿਲਮ ਕਰੀਬ 40 ਸਾਲ ਬਾਅਦ ਐਸੀ ਫਿਲਮ ਆਈ ਹੈ ਜਿਸ ਵਿਚ ਪਰਿਵਾਰਕ ਪਿਆਰ ਤੇ ਸਤਿਕਾਰ ਦੱਸਿਆ ਗਿਆ ਹੈ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਫਿਲਮਾਂ ਸਾਨੂੰ ਮਿਲਦੀਆਂ ਰਹਿਣ ਇਸ ਲਈ ਇਸ ਫਿਲਮ ਨੂੰ ਜ਼ਰੂਰ ਦੇਖੋ। ਅੰਤ ਵਿਚ ਸ੍ਰ ਡੀ ਐੱਸ ਖਾਲਸਾ ਜੀ ਨੇ ਸਮੂਹ ਫਿਲਮ ਦੇ ਅਦਾਕਾਰਾਂ, ਡਾਇਰੈਕਟਰ, ਮਿਊਜ਼ਿਕ ਡਾਇਰੈਕਟਰ, ਗਾਇਕ ਆਦਿ ਸਭ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਫਿਲਮਾਂ ਬਣਾਉਣ ਦੀ ਅਪੀਲ ਕੀਤੀ।

# 350 ਸਾਲਾਂ ਸ਼ਹੀਦੀ ਦਿਹਾੜੇ ਦੇ ਸੰਬੰਧ 'ਚ ਗੁਰਦੁਆਰਾ ਕਮੇਟੀਆਂ ਦੀ ਹੋਈ ਮੀਟਿੰਗ

**ਫਿਲੌਰ/ਅੱਪਰਾ, (ਦੀਪਾ)**-ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਤਿੰਨ ਗੁਰਸਿਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸ਼ਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਪ੍ਰਚਾਰ ਮਿਸ਼ਨ ਅੱਪਰਾ ਦੀ ਅਗਵਾਈ ਹੇਠ ਇਲਾਕੇ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ ਦੀ ਮੀਟਿੰਗ ਗੁਰਦੁਆਰਾ ਕਲਗੀਧਰ ਅੱਪਰਾ ਵਿਖੇ ਹੋਈ । ਇਸ ਮੌਕੇ ਫੈਸਲਾ ਕੀਤਾ ਗਿਆ ਕਿ ਸਮੂਹ ਇਲਾਕਾ ਨਿਵਾਸੀ ਸੰਗਤਾਂ, ਗੁਰਦੁਆਰਾ ਕਮੇਟੀਆਂ ਅਤੇ ਐਨ. ਆਰ. ਆਈ. ਵੀਰਾਂ ਦੇ ਸਹਿਯੋਗ ਨਾਲ ਦੇ ਸਹਿਯੋਗ ਨਾਲ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਚੇਤਨਾ ਮਾਰਚ 12 ਅਕਤੂਬਰ ਨੂੰ ਸਜਾਇਆ ਜਾਵੇਗਾ । ਇਹ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਅਕਾਲਸਰ ਸਾਹਿਬ ਲਾਂਦੜਾ ਤੋਂ ਆਰੰਭ ਕੀਤਾ ਜਾਵੇਗਾ ਅਤੇ ਅੱਪਰਾ ਇਲਾਕੇ ਦੇ ਵੱਖ-ਵੱਖ ਪਿੰਡਾਂ ਲਾਂਦੜਾ, ਪਾਲ ਨੌ, ਪਾਲਕਦੀਮ, ਕੰਗ ਜਗੀਰ, ਜੱਜਾ ਖੁਰਦ, ਸਮਰਾੜੀ, ਅੱਪਰਾ, ਲੋਹਗੜ੍ਹ, ਗੜ੍ਹੀ ਮਹਾ ਸਿੰਘ, ਕਟਾਣਾ, ਤੂਰਾਂ, ਛੋਕਰਾਂ, ਮੋਰੋਂ, ਢੱਕ ਮਜਾਰਾ, ਮੰਡੀ, ਚੱਕ ਸਾਹਬੂ, ਭਾਰਸਿੰਘ ਪੁਰ, ਬਾਂਸੀਆਂ ਅਤੇ ਥਲਾ ਵਿੱਚ ਦੀ ਗੁਜ਼ਰਨ ਉਪਰੰਤ ਗੁਰਦੁਆਰਾ ਬਾਬਾ ਹਰਦਿਆਲ ਸਿੰਘ ਥਲਾ ਵਿਖੇ ਸਮਾਪਤੀ ਹੋਵੇਗੀ । 27 ਸਤੰਬਰ ਤੋਂ 10 ਅਕਤੂਬਰ ਤੱਕ ਇਲਾਕੇ ਦੇ ਸਮੂਹ ਗੁਰਦੁਆਰਾ ਸਾਹਿਬ ਵਿਖੇ ਰਾਤਰੀ ਦੇ ਸਮਾਗਮ ਵੀ ਸਜਾਏ ਜਾ ਰਹੇ ਹਨ । ਇਸ ਮੌਕੇ ਭਾਈ ਦਲਵਿੰਦਰ ਸਿੰਘ ਅੱਪਰਾ ਕਥਾ ਵਾਚਕ, ਹਰਜੀਤ ਸਿੰਘ ਲਾਂਦੜਾ, ਤਿਲਕ ਰਾਜ ਸਿੰਘ, ਹਰਜੀਤ ਸਿੰਘ ਮੰਡੀ, ਸਤਨਾਮ ਸਿੰਘ ਸੰਧੂ, ਅਮਰੀਕ ਸਿੰਘ ਸੈਂਹਬੀ, ਸੁਰਿੰਦਰ ਸਿੰਘ ਥਾਂਦੀ, ਤੀਰਥ ਸਿੰਘ ਮੈਂਗੜਾ, ਮੱਖਣ ਸਿੰਘ ਅੱਪਰਾ, ਕਾਕਾ ਬੜੇ ਪਿੰਡੀਆ, ਮਨਜੀਤ ਸਿੰਘ ਛੋਕਰਾਂ, ਅਮਰੀਕ ਸਿੰਘ ਮੰਡੀ, ਗੁਰਮੰਤਰ ਸਿੰਘ ਮੰਡੀ, ਕੁਲਵਿੰਦਰ ਸਿੰਘ ਕੰਗ ਜਗੀਰ, ਨਿਰਮਲ ਸਿੰਘ ਦੇਗੁਣ, ਗੁਰਜੀਤ ਸਿੰਘ ਸਮਰਾੜੀ, ਜੀਤਾ ਛੋਕਰ, ਗੁਰਨੇਕ ਸਿੰਘ ਨੰਬਰਦਾਰ ਮੋਰੋਂ, ਮਾਸਟਰ ਬਲਵੰਤ ਸਿੰਘ ਗੜ੍ਹੀ ਅਤੇ ਹੋਰ ਵੀ ਇਲਾਕਾ ਨਿਵਾਸੀ ਹਾਜ਼ਰ ਸਨ ।

# ਸਿੱਖ ਨੈਸ਼ਨਲ ਕਾਲਜ ਬੰਗਾ ਦਾ ਆਰਟਸ ਵਿਭਾਗ ਲਗਾਤਾਰ ਤੀਜੀ ਵਾਰ ਬਣਿਆ "ਪਰਵਾਜ਼ 2025" ਦਾ ਓਵਰਆਲ ਚੈਂਪੀਅਨ




**ਬੰਗਾ( ਚਰਨਜੀਤ ਸੱਲ੍ਹਾਂ )** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕਲਾ ਤੇ ਸੱਭਿਆਚਾਰ ਵਿਭਾਗ ਵੱਲੋਂ ਪ੍ਰਿੰਸੀਪਲ ਡਾ ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਤਿੰਨ ਰੋਜ਼ਾ "ਪਰਵਾਜ਼ 2025" ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਅੰਤਰ ਵਿਭਾਗ ਸਹਿ-ਵਿਦਿਅਕ ਮੁਕਾ-ਬਲੇ ਕਰਵਾਏ ਗਏ ਤੇ ਆਰਟਸ ਵਿਭਾਗ ਲਗਾਤਾਰ ਤੀਜੀ ਵਾਰ ਚੈਂਪੀਅਨ ਬਣਿਆ। ਇਨ੍ਹਾਂ ਮੁਕਾਬਲਿਆਂ ਵਿੱਚ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲੈ ਕੇ ਆਪੋ-ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸਮਾਗਮ ਦੇ ਆਖਰੀ ਦਿਨ ਪ੍ਰਿੰਸੀਪਲ ਮਨਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਉਨ੍ਹਾਂ ਨਾਲ ਪ੍ਰੋ. ਪਰਗਣ ਸਿੰਘ (ਰਿਟਾ.) ਤੇ ਜਰਨੈਲ ਸਿੰਘ ਪੱਲੀ ਝਿੱਕੀ (ਸਕੱਤਰ) ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰ. ਡਾ. ਤਰਸੇਮ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਭਾਗੀਦਾਰ ਵਿਦਿਆਰਥੀਆਂ ਨੂੰ ਸ਼ੁੱਭ ਇਛਾਵਾਂ ਭੇਟ ਕੀਤੀਆਂ। ਸਮਾਗਮ ਦੇ ਪਹਿਲੇ ਦਿਨ ਫਾਈਨ ਆਰਟਸ (ਰੰਗੋਲੀ,ਪੇਂਟਿੰਗ,ਫੋਟੋਗ੍ਰਾਫੀ) ਦੂਜੇ ਦਿਨ ਸਾਹਿਤਕ ਮੁਕਾਬਲੇ (ਕਵਿਤਾ,ਭਾਸ਼ਣ,ਡੀਬੇਟ) ਤੇ ਆਖ਼ਰੀ ਦਿਨ ਸੰਗੀਤ,ਥੀਏਟਰ ਤੇ ਲੋਕ ਨਾਚਾਂ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ 64.5 ਅੰਕਾਂ ਨਾਲ ਆਰਟਸ ਵਿਭਾਗ ਨੇ ਓਵਰਆਲ ਚੈਂਪੀਅਨ ਟਰਾਫ਼ੀ ਤੇ ਕਬਜ਼ਾ ਕੀਤਾ। ਕੰਪਿਊਟਰ ਵਿਭਾਗ 58 ਅੰਕਾਂ ਨਾਲ ਦੂਜੇ, ਕਾਮਰਸ ਵਿਭਾਗ 44.5 ਅੰਕਾਂ ਨਾਲ ਤੀਜੇ ਤੇ 39 ਅੰਕਾਂ ਨਾਲ ਸਾਇੰਸ ਵਿਭਾਗ ਚੌਥੇ ਸਥਾਨ 'ਤੇ ਰਿਹਾ। ਇਸ ਮੌਕੇ ਪ੍ਰਿੰਸੀਪਲ ਸਾਹਿਬ ਨੇ ਸਮੂਹ ਵਿਭਾਗਾਂ ਦੀ ਭਰਵੀਂ ਭਾਗੀਦਾਰੀ 'ਤੇ ਖ਼ੂਬ ਸ਼ਲਾਘਾ ਕੀਤੀ। ਡਾ. ਗੁਰਵਿੰਦਰ ਸਿੰਘ (ਡੀਨ ਕਲਾ ਤੇ ਸੱਭਿਆਚਾਰ ਵਿਭਾਗ) ਨੇ ਮਹਿਮਾਨਾਂ ਦੀ ਸ਼ਿਰਕਤ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਨ 'ਤੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਪ੍ਰਿੰਸੀਪਲ ਮਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਆਪਣੀ ਕਲਾ 'ਚ ਨਿਖ਼ਾਰ ਲਿਆਉਣ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਪ੍ਰੋ. ਪਰਗਣ ਸਿੰਘ ਨੇ ਸੰਬੋਧਨ ਕਰਦਿਆਂ ਜਿੱਥੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਉੱਥੇ ਨਾਲ ਹੀ ਬੋਲੀਆਂ ਗਾ ਕੇ ਖ਼ੂਬ ਰੰਗ ਬੰਨਿਆ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਮੰਚ ਸੰਚਾਲਨ ਡਾ. ਨਿਰਮਲਜੀਤ ਕੌਰ, ਪ੍ਰੋ. ਤਜਿੰਦਰ ਸਿੰਘ ਤੇ ਪ੍ਰੋ. ਪੂਜਾ ਨੇ ਕੀਤਾ। ਜੇਤੂ ਵਿਦਿਆਰਥੀਆਂ ਨੂੰ ਪ੍ਰਮਾਣ ਪੱਤਰ ਅਤੇ ਵਿਭਾਗਾਂ ਨੂੰ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋ. ਆਬਿਦ ਵੱਕਾਰ, ਡਾ. ਇੰਦੂ ਰੱਤੀ, ਡਾ. ਸੁਨਿਧੀ ਮਿਗਲਾਨੀ, ਡਾ. ਅੰਮ੍ਰਿਤ ਕੌਰ, ਡਾ. ਹਰਜੋਤ ਸਿੰਘ, ਡਾ. ਸੋਨਾ ਬਾਂਸਲ, ਡਾ. ਕਮਲਦੀਪ ਕੌਰ, ਡਾ. ਦਵਿੰਦਰ ਕੌਰ, ਡਾ. ਰਾਜੇਸ਼ ਸ਼ਰਮਾ, ਡਾ.ਜੋਤੀ ਪ੍ਰਕਾਸ਼, ਪ੍ਰੋ. ਵਿਪਨ, ਮਨਮੰਤ ਸਿੰਘ ਲਾਇਬ੍ਰੇਰੀਅਨ ਪ੍ਰੋ. ਤਵਿੰਦਰ ਕੌਰ, ਪ੍ਰੋ. ਨੀਲਮ, ਪ੍ਰੋ. ਨੈਨਸੀ, ਪ੍ਰੋ.ਸਿਖਾ, ਪ੍ਰੋ. ਸ਼ਾਮ ਸਿੰਘ, ਭੰਗੜਾ ਕੋਚ ਪਵਨ ਕੁਮਾਰ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਮਾਮਲਾ ਘਰਾਂ ਤੇ ਦੁਕਾਨਾਂ 'ਚ ਰਹਿੰਦੇ ਪ੍ਰਵਾਸੀਆਂ ਵਲੋਂ ਆਪਣੇ ਨਾਮ 'ਤੇ ਬਿਜਲੀ ਮੀਟਰ ਅਪਲਾਈ ਕਰਨ ਦਾ

## ਐਨ. ਆਰ. ਆਈ. ਵੀਰ ਆਪਣੀਆਂ ਜਾਇਦਾਦਾਂ ਦੀ ਰਾਖੀ ਦਾ ਕਰਨ ਪ੍ਰਬੰਧ : ਸਰਪੰਚ ਵਿਨੈ ਕੁਮਾਰ



**ਫਿਲੌਰ/ਅੱਪਰਾ, (ਦੀਪਾ)-** ਸਰਪੰਚ ਵਿਨੈ ਕੁਮਾਰ ਗ੍ਰਾਮ ਪੰਚਾਇਤ ਅੱਪਰਾ ਨੇ ਸਮੂਹ ਐਨ. ਆਰ. ਆਈ. ਵੀਰਾਂ ਅਤੇ ਕਸਬੇ ਦੇ ਲੋਕਾਂ ਜੋ ਕਿ ਹੋਰ ਸ਼ਹਿਰਾਂ 'ਚ ਰਹਿੰਦੇ ਹਨ, ਨੂੰ ਵੀਡੀਓ ਸੰਦੇਸ਼ ਰਾਹੀਂ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੀਆਂ ਜਾਇਦਾਦਾਂ ਜੋ ਕਿ ਕਸਬਾ ਅੱਪਰਾ ਅਤੇ ਆਸ-ਪਾਸ ਦੇ ਹੋਰ ਪਿੰਡਾਂ 'ਚ ਹਨ, ਦੀ ਕਿਸੇ ਨਿੱਜੀ ਕੇਅਰ ਟੇਕਰ ਰਾਹੀਂ ਚੰਗੇ ਤਰੀਕੇ ਨਾਲ ਸਾਂਭ ਸੰਭਾਲ ਕੀਤੀ ਜਾਵੇ । 'ਅਜੀਤ' ਨਾਲ ਗੱਲ-ਬਾਤ ਕਰਦਿਆਂ ਸਰਪੰਚ ਵਿਨੈ ਕੁਮਾਰ ਨੇ ਦੱਸਿਆ ਕਿ ਕਰੀਬ ਅੱਧੀ ਦਰਜਨ ਮਾਮਲੇ ਉਨ੍ਹਾਂ ਦੇ ਧਿਆਨ 'ਚ ਆਏ ਹਨ ਕਿ ਐਨ. ਆਰ. ਆਈ. ਵੀਰਾਂ ਦੀਆਂ ਜਾਇਦਾਦਾਂ 'ਚ ਰਹਿੰਦੇ ਅਤੇ ਦੁਕਾਨਾਂ ਪਾ ਕੇ ਬੈਠੇ ਪ੍ਰਵਾਸੀਆਂ ਨੇ ਲਾਲ ਲਕੀਰ ਵਾਲੀਆਂ ਜਾਇਦਾਦਾਂ 'ਚ ਬਿਜਲੀ ਮੀਟਰ ਆਪਣੇ ਨਾਮ 'ਤੇ ਲਗਵਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਨ੍ਹਾਂ ਨੇ ਨਿੱਜੀ ਪ੍ਰਭਾਵ ਨਾਲ ਕਰੀਬ ਅੱਧੀ ਦਰਜਨ ਇਹੋ ਜਿਹੀਆਂ ਕੋਸ਼ਿਸ਼ਾ ਨੂੰ ਅਸਫ਼ਲ ਬਣਾ ਦਿੱਤਾ ਹੈ । ਪਰ ਫਿਰ ਵੀ ਜਾਇਦਾਦਾਂ ਦੇ ਮਾਲਕਾਂ ਨੂੰ ਆਪਣੀਆਂ ਜਾਇਦਾਦਾਂ ਦੀ ਸੰਭਾਲ ਆਪ ਵੀ ਕਰਨੀ ਹੋਵੇਗੀ । ਉਨ੍ਹਾਂ ਇਹ ਵੀ ਦੱਸਿਆ ਕਿ ਕਿਰਾਏਦਾਰਾਂ ਵਲੋਂ ਨੰਬਰੀ ਜਾਇਦਾਦ ਨੂੰ ਵੀ ਲਾਲ ਲਕੀਰ ਵਾਲੀ ਜਾਇਦਾਦ ਦੱਸਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ, ਸੋ ਸੁਚੇਤ ਹੋਣ ਦੀ ਲੋੜ ਹੈ । ਸਰਪੰਚ ਵਿਨੈ ਕੁਮਾਰ ਨੇ ਐਨ. ਆਰ. ਆਈ ਵੀਰਾਂ ਅਤੇ ਹੋਰ ਸ਼ਹਿਰਾਂ 'ਚ ਰਹਿੰਦੇ ਅੱਪਰਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਾਲ 'ਚ ਘੱਟੋ ਘੱਟ ਇੱਕ ਵਾਰ ਪਿੰਡ ਜ਼ਰੂਰ ਗੇੜਾ ਮਾਰਨ । ਉਨ੍ਹਾਂ ਅੱਗੇ ਕਿਹਾ ਕਿ ਜਿਸ ਕਿਸੇ ਦੀ ਦੁਕਾਨ ਜਾਂ ਘਰ 'ਚ ਪ੍ਰਵਾਸੀ ਜਾਂ ਹੋਰ ਕਿਰਾਏਦਾਰ ਰਹਿ ਰਹੇ ਹਨ, ਉਹ ਕਿਰਾਏਦਾਰਾਂ ਦੀ ਪੁਲਿਸ ਵੈਰੀਫਿਕੇਸ਼ਨ ਜ਼ਰੂਰ ਕਰਵਾਉਣ । ਪੰਚਾਇਤ ਵਲੋਂ ਵੀ ਕਿਰਾਏਦਾਰਾਂ ਦੀ ਲਿਸਟ ਤਿਆਰ ਕੀਤੀ ਜਾ ਰਹੀ ਹੈ ।

# ਲੋਕ ਇਨਸਾਫ਼ ਮੰਚ ਵਲੋਂ ਬੱਚੇ ਹਰਵੀਰ ਦੇ ਕਾਤਲਾਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਲਈ ਰਾਜਪਾਲ ਪੰਜਾਬ ਦੇ ਨਾਮ ਦਿੱਤਾ ਮੰਗ ਪੱਤਰ

***ਹਰਵੀਰ ਕਤਲ ਕਾਂਡ ਦਾ ਫ਼ੈਸਲਾ ਜ਼ਲਦੀ ਨਬੇੜਨ ਲਈ ਕੇਸ ਫਾਸਟ ਟਰੈਕ ਅਦਾਲਤ ਵਿੱਚ ਤਬਦੀਲ ਕੀਤਾ ਜਾਵੇ ਅਤੇ ਪਰੀਵਾਰ ਨੂੰ ਇੱਕ ਕਰੋੜ ਰੁਪਏ ਮੁਆਵਜ਼ਾ ਅਤੇ ਪਰੀਵਾਰ ਦੇ ਇੱਕ ਮੈਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ:- ਜਰਨੈਲ ਫ਼ਿਲੌਰ**



**ਫਿਲੌਰ/ਅੱਪਰਾ (ਦੀਪਾ)-** ਲੋਕ ਇਨਸਾਫ਼ ਮੰਚ ਪੰਜਾਬ ਵੱਲੋਂ ਅੱਜ ਬੱਚੇ ਹਰਵੀਰ ਦੇ ਕਾਤਲਾਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਲਈ ਮਾਣਯੋਗ ਰਾਸ਼ਟਰਪਤੀ, ਮੁੱਖ ਮੰਤਰੀ ਅਤੇ ਰਾਜਪਾਲ ਪੰਜਾਬ ਦੇ ਨਾਮ ਮੰਗ ਪੱਤਰ ਐਸ ਡੀ ਐਮ ਫ਼ਿਲੌਰ ਦੇ ਦਫਤਰ ਰਾਹੀਂ ਭੇਜਿਆ ਗਿਆ। ਇਸ ਮੌਕੇ ਵਫਦ ਦੀ ਅਗਵਾਈ ਪ੍ਰਧਾਨ ਜਰਨੈਲ ਫ਼ਿਲੌਰ ਨੇ ਕੀਤੀ। ਇਸ ਮੌਕੇ ਆਗੂਆਂ ਨੇ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਬੀਤੇ ਦਿਨੀਂ ਹੋਸ਼ਿਆਰਪੁਰ ਵਿੱਚ ਪੰਜ ਸਾਲ ਦੇ ਬੱਚੇ ਹਰਵੀਰ ਨੂੰ ਬੜੀ ਕੁੱਝ ਪਰਵਾਸੀਆਂ ਵਲੋਂ ਦਰਿੰਦਗੀ ਨਾਲ ਕਤਲ ਕਰ ਦਿੱਤਾ ਗਿਆ ਸੀ ਦੇ ਕਾਤਲਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ ਤਾਂ ਕਿ ਦੁਬਾਰਾ ਕੋਈ ਇਹੋ ਜਿਹੀ ਹਰਕਤ ਕਰਨ ਦੀ ਹਿੰਮਤ ਨਾ ਕਰ ਸਕੇ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਹਰਵੀਰ ਦੇ ਕਤਲ ਦਾ ਕੇਸ ਦਾ ਜਲਦ ਫੈਂਸਲਾ ਕਰਨ ਲਈ ਫਾਸਟ ਟਰੈਕ ਅਦਾਲਤ ਵਿੱਚ ਚਲਾਇਆ ਜਾਵੇ ਅਤੇ ਪਰੀਵਾਰ ਨੂੰ ਇੱਕ ਕਰੋੜ ਰੁਪਏ ਦਾ ਮੁਆਵਜ਼ਾ ਰਾਸ਼ੀ ਤਰੁੰਤ ਦਿੱਤੀ ਜਾਵੇ। ਆਗੂਆਂ ਨੇ ਕਿਹਾ ਕਿ ਜਿਨਾਂ ਸਮਾਂ ਹਰਵੀਰ ਦੇ ਕਾਤਲਾਂ ਨੂੰ ਮਿਸਾਲੀ ਸਜ਼ਾਵਾਂ ਨਹੀਂ ਮਿਲ ਜਾਂਦੀਆਂ ਉਨ੍ਹਾਂ ਸਮਾਂ ਅੰਦੋਲਨ ਜਾਰੀ ਰਹੇਗਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪ੍ਰਵਾਸੀ ਮਜ਼ਦੂਰਾਂ ਦੇ ਪ੍ਰਵਾਸ ਨੂੰ ਨਿਯਮਤ ਕਰਨ ਲਈ ਸਖ਼ਤ ਕਦਮ ਚੁੱਕੇ ਜਾਣ ਅਤੇ ਪਰਵਾਸੀਆਂ ਦੀ ਸ਼ਨਾਖਤ ਕਾਰਵਾਈ ਜਾਵੇ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂ ਮਾਸਟਰ ਹੰਸ ਰਾਜ, ਸਰਬਜੀਤ ਕੁਮਾਰ ਸਾਬਕਾ ਸਰਪੰਚ ਰਾਮਗੜ੍ਹ, ਸੋਮ ਨਾਥ ਸੇਖੂਪੁਰ, ਸੁਰਿੰਦਰ ਮਾਹਲਾ, ਡਾਕਟਰ ਮਲਕੀਤ ਸਿੰਘ ਉਰਫ਼ ਕੁਮਾਰ ਫ਼ਿਲੌਰ, ਰਾਜੂ ਬਰਹਮਪੁਰੀ, ਲੈਂਬਰ ਸਿੰਘ ਭੈਣੀ, ਗੋਬਿੰਦ ਰਾਮ, ਸਰੂਪ ਕਲੇਰ, ਬਲਵਿੰਦਰ ਸਿੰਘ ਲੰਬੜਦਾਰ ਭੈਣੀ, ਜਸ਼ਨਦੀਪ ਲਗਾਹ ,ਜਸਪਾਲ ਬੰਗੜ, ਵਿਜੇ ਬੰਗੜ, ਨਦੀਮ, ਜੱਸੀ ਔਜਲਾ ਆਦਿ ਹਾਜ਼ਰ ਸਨ।

# ਦੱਤਾ ਪਰਿਵਾਰ ਨਾਲ ਕੈਮਿਸਟਾਂ ਨੇ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ



**ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਹਿੰਦੂ ਸੁਰੱਖਸ਼ਾ ਸੰਮਤੀ ਦੇ ਪ੍ਰਧਾਨ ਰਮੇਸ਼ ਦੱਤ ਦੀ ਪੂਜਨੀਕ ਮਾਤਾ ਅਤੇ ਡਾਕਟਰ ਧਰਮਪਾਲ ਦੱਤ ਦੀ ਧਰਮ ਪਤਨੀ ਮਾਤਾ ਦਰਸ਼ਨਾਂ ਰਾਣੀ ਦੱਤਾ ਦੀ ਹੋਈ ਬੇਵਕਤੀ ਮੌਤ ਦੱਤਾ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਸਬ ਡਵੀਜ਼ਨ ਬਲਾਚੌਰ ਦੇ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਐਸ ਕੇ ਪਨੇਸਰ, ਜਨਰਲ ਸਕੱਤਰ ਜਗਦੀਸ਼ ਛਾਬੜਾ, ਡਾਕਟਰ ਬਲਦੇਵ ਸਿੰਘ ਪਨੇਸਰ, ਡਾਕਟਰ ਰਕੇਸ਼ ਬਜਾੜ, ਸਰੂਪ ਸਿੰਘ ਪਨੇਸਰ ਸਮੇਤ ਇਲਾਕੇ ਦੀਆਂ ਕਈ ਜਥੇਬੰਦੀਆਂ ਦੇ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਪਰਿਵਾਰ ਵਲੋਂ ਡਾਕਟਰ ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ ਕਾਠਗੜ੍ਹ, ਡਾਕਟਰ ਧਰਮਪਾਲ ਦੱਤ ਡਾਕਟਰ ਨਰਿੰਦਰ ਪਾਲ ਦੱਤ ਨੰਬਰਦਾਰ ਕਾਠਗੜ੍ਹ ਡਾਕਟਰ ਅਰੁਨ ਦੱਤ ਡਾਕਟਰ ਸੁਧੀਰ ਦੱਤ ਸਮੇਤ ਹੋਰ ਵੀ ਨਗਰ ਦੇ ਮੋਹਤਬਰ ਵਿਆਕਤੀ ਹਾਜ਼ਿਰ ਸਨ।

# ਯੂਕੇ ਤੋਂ ਵਕਾਲਤ ਕਰਕੇ ਆਈ ਗੁਰੀਤ ਕੌਰ ਔਜਲਾ ਦਾ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਵਲੋਂ ਕੀਤਾ ਗਿਆ ਸਨਮਾਨ





**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਰਵਿਦਾਸੀਆ ਸਮਾਜ ਦੀ ਅਤੇ ਕੌਮ ਦੀ ਸ਼ਾਨ ਬਣੀ ਲੜਕੀ ਗੁਰੀਤ ਕੌਰ ਔਜਲਾ ਜਿਸ ਨੇ ਯੂਨੀਵਰਸਿਟੀ ਆਫ਼ ਲਿਸਟਰ ਯੂਕੇ ਤੋਂ ਫੈਮਲੀ ਲਾਅ ਤੇ ਸਿਵਲ ਲਿਟੀਗੇਸ਼ਨ ਵਿੱਚ ਵਕਾਲਤ ਪਾਸ ਕੀਤੀ ਹੈ, ਦਾ ਵਿਸ਼ੇਸ਼ ਤੌਰ ਤੇ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਵਲੋਂ ਸਨਮਾਨ ਕੀਤਾ ਗਿਆ । ਸ੍ਰੀਮਾਨ ਸ਼ਿੰਗਾਰਾ ਔਜਲਾ ਜੀ ਦੇ ਗ੍ਰਹਿ ਵਿਖੇ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦਾ ਸ਼ੁਕਰਾਨਾ ਕਰਦਿਆਂ ਇਸ ਮਿਲੀ ਸਫ਼ਲਤਾ ਤੇ ਸ੍ਰੀ ਅੰਮ੍ਰਿਤਬਾਣੀ ਦੇ ਜਾਪ ਕਰਵਾਏ ਗਏ, ਉਪਰੰਤ ਸਤਿਗੁਰਾਂ ਦੀ ਮਹਿਮਾ ਦੇ ਸ਼ਬਦ ਸ਼ੁਕਰਾਨੇ ਦੇ ਰੂਪ ਵਿੱਚ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਜੀ ਵਲੋਂ ਗਾਏ ਗਏ । ਇਸ ਮੌਕੇ ਸਭਾ ਦੇ ਕਨਵੀਨਰ ਸ਼੍ਰੀਮਾਨ ਵਰਿੰਦਰ ਬੰਗੜ ਅਤੇ ਗੋਪਾਲ ਲੋਹੀਆ ਜੀ ਨੇ ਦੱਸਿਆ ਕਿ ਸਮਾਜ ਵਿਚ ਪੜੇ ਲਿਖੇ ਬੱਚਿਆਂ ਦੀ ਬਹੁਤ ਲੋੜ ਹੈ ਜੋ ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨਗੇ ਅਤੇ ਆਪਣੇ ਹੱਕ ਹਕੂਕਾਂ ਲਈ ਸਮਾਜ ਦੇ ਨਾਲ ਖੜ੍ਹੇ ਹੋਣਗੇ। ਉਹਨਾਂ ਲੜਕੀ ਗੁਰੀਤ ਕੌਰ ਨੂੰ ਆਪਣੀਆਂ ਦਿਲੀਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸ਼ਿੰਗਾਰਾ ਔਜਲਾ ਜੀ ਦੇ ਸਮੁੱਚੇ ਪਰਿਵਾਰ ਨੂੰ ਇਸ ਖੁਸ਼ੀ ਦੇ ਸਮਾਗਮ ਵਿੱਚ ਵਧਾਈਆਂ ਦਿੱਤੀਆਂ। ਇਸ ਸਮਾਗਮ ਵਿੱਚ ਬੀਬੀ ਪੂਨਮ ਜੀ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਹੈ । ਸ੍ਰੀਮਾਨ ਰਾਮ ਪ੍ਰਕਾਸ਼ ਭੱਟੀ ਜੀ ਵਲੋਂ ਅੰਮ੍ਰਿਤਬਾਣੀ ਦੇ ਜਾਪ ਕੀਤੇ ਗਏ ਅੰਤ ਵਿੱਚ ਪਰਿਵਾਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਰਾਸ਼ਟਰੀ ਉਪ ਪ੍ਰਧਾਨ ਤੇਜ ਪ੍ਰਕਾਸ਼ ਖਾਸਾ ਨੂੰ ਮਰਾਠਵਾੜਾ ਮੁਕਤੀ ਸੰਗਰਾਮ ਦਿਵਸ ਦੇ ਮੌਕੇ 'ਤੇ ਰਾਸ਼ਟਰੀ ਸਾਲਾਨਾ ਸੰਮੇਲਨ 'ਚ' ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਮਹਾਰਾਸ਼ਟਰ ਦੇ ਲਾਤੂਰ ਵਿੱਚ ਮਰਾਠਵਾੜਾ ਮੁਕਤੀ ਸੰਗਰਾਮ ਦਿਵਸ ਮੌਕੇ 17/18 ਸਤੰਬਰ 2025 ਦੋ ਦਿਨ ਚੱਲੇ ਕੌਮੀ ਸਾਲਾਨਾ ਸੰਮੇਲਨ ਵਿੱਚ ਪੰਜਾਬ ਦੇ ਰਾਸ਼ਟਰੀ ਉਪ ਪ੍ਰਧਾਨ ਤੇਜ ਪ੍ਰਕਾਸ਼ ਖਾਸਾ ਨੂੰ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਮਰਾਠਵਾੜਾ ਮੁਕਤੀ ਸੰਗ੍ਰਾਮ ਦਿਵਸ ਅਤੇ ਅਖਿਲ ਭਾਰਤੀਯ ਭ੍ਰਿਸ਼ਟਾਚਾਰ ਵਿਰੋਧੀ ਸੰਘਰਸ਼ ਸਮਿਤੀ ਅਤੇ ਬ੍ਰਿਕਸ ਮਨੁੱਖੀ ਅਧਿਕਾਰ ਮਿਸ਼ਨ ਦੀ ਕੌਮੀ ਸਾਲਾਨਾ ਕਨਵੈਨਸ਼ਨ ਵਿੱਚ ਸਮਿਤੀ ਦੇ ਰਾਸ਼ਟਰੀ ਉਪ ਪ੍ਰਧਾਨ ਤੇਜ ਪ੍ਰਕਾਸ਼ ਖਾਸਾ ਨੂੰ ਉਨ੍ਹਾਂ ਵੱਲੋਂ ਕੀਤੇ ਭ੍ਰਿਸ਼ਟਾਚਾਰ ਵਿਰੋਧੀ ਕੰਮਾਂ ਲਈ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੂੰ ਇਹ ਸਨਮਾਨ ਰਾਸ਼ਟਰੀ ਪ੍ਰਧਾਨ ਬਾਬਾ ਪ੍ਰਦੀਪ ਪਾਟਿਲ ਖੰਡਾਪੁਰਕਰ ਅਤੇ ਅਮੋਲ ਨਾਂਜਰੇਕਰ ਨੇ ਪ੍ਰਣਵ ਸ੍ਰੀ ਮੰਗਲ ਕਾਰਾਲਿਆ ਆਡੀਟੋਰੀਅਮ, ਲਾਤੂਰ ਮਹਾਂਰਸ਼ਟਰ ਵਿਖੇ ਵੱਡੀ ਗਿਣਤੀ ਹਾਜ਼ਰੀ ਵਿੱਚ ਦਿੱਤਾ। ਪ੍ਰੋਗਰਾਮ ਵਿੱਚ ਆਜ਼ਾਦੀ ਘੁਲਾਟੀਆਂ, ਬਹਾਦਰ ਔਰਤਾ, ਬਹਾਦਰ ਮਾਵਾ ਅਤੇ ਮਰਾਠਵਾੜਾ ਦੇ ਸੁਤੰਤਰਤਾ ਸੈਨਾਨੀਆ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਰਾਸ਼ਟਰੀ ਸਕੱਤਰ ਸੁਬੋਧ ਸਿੰਘ ਬਿਹਾਰ, ਰਾਸ਼ਟਰੀ ਸਕੱਤਰ ਅਨਿਲ ਮਿਸ਼ਰਾ ਝਾਰਖੰਡ , ਰਾਸ਼ਟਰੀ ਉਪ ਪ੍ਰਧਾਨ ਸ਼ਿਵਾਜੀ ਡੀਕਾ ਅ ਾ ਸ ਾ ਮ , ਮ ਹ ਾ ਰ ਾ ਸ਼ ਟ ਰ ਮਹਿਲਾ ਪ੍ਰਧਾਨ ਰਾਣਿਤਾਈ ਸਵਾਮੀ, ਗੋਆ ਸੂਬਾ ਪ੍ਰਧਾਨ ਅਰੁਣਾ ਦੇਵ, ਝਾਰਖੰਡ ਸੂਬਾ ਪ੍ਰਧਾਨ ਰਾਜਿੰਦਰ ਕੁਮਾਰ, ਵਿਕਰਮ ਕੁਮਾਰ ਬਿਹਾਰ,ਅਵਤਾਰ ਸਿੰਘ ਧੀਮਾਨ ਪੰਜਾਬ ਸੈਕਟਰੀ, ਮਹਾਰਾਸ਼ਟਰ ਸੂਬਾ ਪ੍ਰਧਾਨ ਪੰਡਿਤ ਤਿੜਕੇ, ਰਾਮ





ਬਹਿਰਾ ਉੜੀਸਾ ਪ੍ਰਧਾਨ, ਦੇਵਾ ਸੁੰਦਰਮ ਤਾਮਿਲਨਾਡੂ ਪ੍ਰਧਾਨ,ਅਰਵਿੰਦਰ ਕੌਰ ਝਾਰਖੰਡ ਮਹਿਲਾ ਪ੍ਰਧਾਨ, ਆਰ. ਸੀ. ਸ਼ਰਮਾ ਜੰਮੂ ਕਸ਼ਮੀਰ ਸੂਬਾ ਪ੍ਰਧਾਨ, ਬਾਬੂਰਾਵ ਛੈਤਰੇ ਪਾਟਿਲ ਸਮੇਤ ਦੇਸ਼ ਭਰ ਤੋਂ ਸਮਿਤੀ ਦੇ ਅਹੁਦੇਦਾਰ ਮੌਜੂਦ ਸਨ। ਇਸ ਮੌਕੇ ਤੇ ਅਖਿਲ ਭਾਰਤੀਯ ਭ੍ਰਿਸ਼ਟਾਚਾਰ ਰੋਕੂ ਸੰਘਰਸ਼ ਸਮਿਤੀ ਪੰਜਾਬ ਪ੍ਰਧਾਨ ਵਿਜੇ ਭਾਟੀਆ, ਵਾਈਸ ਪ੍ਰਧਾਨ ਪੰਜਾਬ ਡਾ. ਸੁਪਿੰਦਰ ਸਿੰਘ ਢਿੱਲੋ, ਪੰਜਾਬ ਕਾਰਜਕਾਰੀ ਪ੍ਰਧਾਨ ਬਹਾਦਰ ਚੰਦ ਅਰੋੜਾ, ਜਿਲਾ ਸ਼ਹੀਦ ਭਗਤ ਸਿੰਘ ਨਗਰ ਪ੍ਰਧਾਨ ਮਨਮੋਹਨ ਸਿੰਘ ਗੁਲਾਟੀ, ਪੰਜਾਬ ਉਪ ਪ੍ਰਧਾਨ ਤਰੁਣ ਵਰਮਾ, ਪੰਜਾਬ ਜਰਨਲ ਸੈਕਟਰੀ ਠੇਕੇਦਾਰ ਗੁਰਚਰਨ ਸਿੰਘ, ਅਰੁਣ ਮੁਰਗਾਬੀ, ਬਾਲ ਕ੍ਰਿਸ਼ਨ ਆਨੰਦ, ਦਰਸ਼ਨ ਦਰਦੀ, ਬਾਸਦੇਵ ਪਰਦੇਸੀ, ਮਹੇਸ਼ ਕੁਮਾਰ ਪਰਦੇਸੀ, ਪੰਜਾਬ ਯੂਥ ਉਪ ਪ੍ਰਧਾਨ ਅੰਕੁਸ਼ ਠਾਕੁਰ, ਸਾਬਕਾ ਪੰਜਾਬ ਪ੍ਰਧਾਨ ਵਿਜੇ ਰਾਣਾ, ਪੰਜਾਬ ਯੂਥ ਪ੍ਰਧਾਨ ਦਲਜੀਤ ਸਿੰਘ, ਅਰਜੁਨ ਸਿੰਘ ਅੰਮ੍ਰਿਤਸਰ, ਮਨੋਜ ਪਾਠਕ ਨਵਾਂਸ਼ਹਿਰ, ਨਰਿੰਦਰ ਸ਼ਰਮਾ ਮਲੇਰਕੋਟਲਾ, ਨਾਜਰ ਅਲੀ ਮਲੇਰਕੋਟਲਾ, ਪ੍ਰਭਜੋਤ ਜੌਰਾ ਅੰਮ੍ਰਿਤਸਰ, ਸੋਨੂ ਸ਼ਰਮਾ, ਸੁਖਪਾਲ ਸਿੰਘ ਅੰਮ੍ਰਿਤਸਰ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਜਲਾਲਪੁਰ, ਵਿਧਾਇਕ ਸੰਤੋਸ਼ ਕਟਾਰੀਆ, ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਜਿਲਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਜਤਿੰਦਰ ਪਾਲ ਸਿੰਘ ਕਲੇਰ, ਦੀਦਾਰ ਸਿੰਘ ਬਲਾਚੌਰ, ਚੇਅਰਮੈਨ ਸਤੀਸ਼ ਸ਼ਰਮਾ ਕਾਠਗੜ੍ਹ , ਪ੍ਰਧਾਨ ਹੈਪੀ ਰਾਣਾ, ਬੰਟੀ ਕਰੀਮਪੁਰ ਧਿਆਨੀ, ਜਗਤਾਰ ਸਿੰਘ, ਮੋਹਿਤ ਕੁਮਾਰ, ਸਮਰਦੀਪ ਸਿੰਘ, ਜਸਵਿੰਦਰ ਸਿੰਘ ਬੈਂਸ, ਜਸਵਿੰਦਰ ਮਜ਼ਾਰਾ, ਡਾਕਟਰ ਤਜਿੰਦਰ ਜੋਤ, ਡੀਐਸਪੀ ਬਲਾਚੌਰ ਸ਼ਾਮ ਸੁੰਦਰ ਸ਼ਰਮਾ, ਐਸਐਚਓ ਸਿਟੀ ਥਾਣਾ ਬਲਾਚੌਰ ਸਤਨਾਮ ਸਿੰਘ, ਜਸਪ੍ਰੀਤ ਧਿਮਾਨ, ਸਿਮਰਨ ਜੋਤ ਸਿੰਘ ਕਲੇਰ, ਰਾਜੇਸ਼ ਕੁਮਾਰ ਕਾਠਗੜ੍ਹ, ਪੰਜਾਬ ਮਹਿਲਾ ਪ੍ਰਧਾਨ ਰਜਿੰਦਰ ਕੌਰ ਖਾਸਾ, ਯੋਗੇਸ਼ ਮਲਹੋਤਰਾ, ਚੰਦਰ ਮੋਹਨ ਜੇਡੀ ਨੇ ਰਾਸ਼ਟਰੀ ਸ਼ਹੀਦ ਭਗਤ ਸਿੰਘ ਪੁਰਸਕਾਰ ਨਾਲ ਸਨਮਾਨਿਤ ਹੋਣ ਤੇ ਤੇਜ ਪ੍ਰਕਾਸ਼ ਖਾਸਾ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਤੇਜ ਪ੍ਰਕਾਸ਼ ਖਾਸਾ ਨੇ ਰਾਸ਼ਟਰੀ ਪ੍ਰਧਾਨ ਪ੍ਰਦੀਪ ਪਾਟਿਲ ਖੰਡਾਪੁਰਕਰ ਬਾਬਾ ਵੱਲੋਂ ਸ਼ਹੀਦ ਭਗਤ ਸਿੰਘ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕਰਨ ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਪਿਛਲੇ ਸਾਲਾਂ ਵਾਂਗ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਤੇ ਨਕੇਲ ਕੱਸਣ ਲਈ ਕੰਮ ਕੀਤਾ ਜਾ ਰਿਹਾ ਹੈ ਉਸੇ ਤਰ੍ਹਾਂ ਨਿਰੰਤਰ ਭ੍ਰਿਸ਼ਟਾਚਾਰ ਤੇ ਨਕੇਲ ਕੱਸਣ ਲਈ ਕੰਮ ਜਾਰੀ ਰਹਿਣਗੇ। ਇਸ ਦੇ ਨਾਲ ਹੀ ਉਹਨਾਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਵੀ ਦਿਲ ਦੀ ਗਹਿਰਾਈਆਂ ਤੋਂ ਧੰਨਵਾਦ ਕੀਤਾ।

# ਗੀਤਕਾਰੀ ਅਤੇ ਗਾਇਕੀ ਦਾ ਸਿਰਨਾਵਾਂ ਕਰਨੈਲ ਸਿਵੀਆ





ਲੁਧਿਆਣੇ ਜਿਲ੍ਹੇ ਦੇ ਪਿੰਡ ਉੱਪਲਾਂ ਚ ਜਨਮੇਂ ਕਰਨੈਲ ਸਿਵੀਆ ਦੀ ਕਲਮ ਨੇ ਆਪਣੇ ਸਮੇਂ ਗੀਤਕਾਰੀ ਦਾ ਸੁਨਹਿਰੀ ਇਤਿਹਾਸ ਸਿਰਜਿਆ ਹੈ। ਉਸ ਦੇ ਲਿਖੇ ਗੀਤਾਂ ਨੂੰ ਪੰਜਾਬ ਦੇ ਵੱਡੇ ਵੱਡੇ ਨਾਮੀਂ ਸਿੰਗਰਾਂ ਨੇ ਗਾ ਕੇ ਉੱਚਾ ਨਾਮਣਾ ਖੱਟਿਆ । ਜਿਨ੍ਹਾਂ ਵਿਚ ਸਤਵਿੰਦਰ ਬੁੱਗਾ, ਮਲਕੀਅਤ ਸਿੰਘ ਗੋਲਡ ਛਾਂ ਸਟਾਰ,ਬੁੱਲੀਵੁੱਡ ਸਿੰਗਰ ਬਾਲੀਸੱਗੂ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਯੁੱਧਵੀਰ ਮਾਣਕ, ਸਤਵਿੰਦਰ ਬਿੱਟੀ, ਹਰਜੀਤ ਹਰਮਨ ਅਤੇ ਗੁਰਬਖਸ਼ ਸ਼ੌਂਕੀ ਵਰਗੇ ਹੋਰ ਵੀ ਗਾਇਕਾਂ ਦੇ ਨਾਂ ਸ਼ਾਮਲ ਹਨ। ਗੀਤਕਾਰੀ ਦੇ ਹਸਤਾਖ਼ਰ ਮੰਨੇ ਜਾਂਦੇ ਉੱਘੇ ਗੀਤਕਾਰ ਸਵ: ਦਲਜੀਤ ਸਿੰਘ ਦਰਦੀ ਨਾਲ ਉਸਤਾਦੀ ਸ਼ਾਗਿਰਦੀ ਕਰਕੇ ਉਨ੍ਹਾਂ ਦੇ ਪਦ ਚਿੰਨ੍ਹਾਂ ਤੇ ਚਲਦਿਆਂ ਕਰਨੈਲ ਸਿਵੀਆ ਨੇ ਗੀਤਕਾਰੀ ਦੀ ਪਿਰਤ ਨੂੰ ਅੱਗੇ ਤੋਰਦਿਆਂ ਆਪਣੀ ਕਲਮ ਚ ਅਜਿਹੇ ਸੁਨਹਿਰੇ ਹਰਫ਼ ਲਿਖੇ ਕਿ ਉਨ੍ਹਾਂ ਆਪਣੇ ਨਾਂ ਦੇ ਨਾਲ ਨਾਲ ਆਪਣੇ ਉਸਤਾਦ ਜੀ ਦੇ ਨਾਂ ਨੂੰ ਵੀ ਗੀਤਕਾਰੀ ਵਿਚ ਹੋਰ ਰੁਸ਼ਨਾਇਆ। ਉਹਦੇ ਲਿਖੇ ਅਨੇਕਾਂ ਹੀ ਸੁਪਰ ਡੁਪਰ ਹਿੱਟ ਗੀਤ ਉਸਦੀ ਕਲਮ ਦੀ ਦਾਦ ਦਿੰਦੇ ਹਨ ਜਿਵੇਂ ਕਿ:- ਆਪਾਂ ਪਹਿਲਾਂ ਵੀ ਮਿਲੇ ਸੀ ਇੱਕ ਵਾਰ ਸੋਹਣੀਏ ਤੈਨੂੰ ਯਾਦ ਨੀਂ ਰਿਹਾ, ਬਿੱਲੋ ਬੋਤਲਾਂ ਸ਼ਰਾਬ ਦੀਆਂ ਅੱਖਾਂ ਤੇਰੀਆਂ ਕਾਤਲ ਕੋਕਾ ਕਾਤਿਲ ਕਰਾਦੂੰ, ਕੁਲਦੀਪ ਮਾਣਕ ਤੇ ਗੁਰਬਖਸ਼ ਸ਼ੌਂਕੀ ਦੀ ਵੱਖ ਵੱਖ ਆਵਾਜ਼ਾਂ ਚ ਰਿਕਾਰਡ ਹੋਇਆ ਮਿਰਜ਼ਾ ਅਤੇ ਕੁਲਦੀਪ ਮਾਣਕ ਅਤੇ ਯੁੱਧਵੀਰ ਮਾਣਕ ਦੀ ਆਵਾਜ਼ ਚ ਰਿਕਾਰਡ ਹੋਏ ਅਨੇਕਾਂ ਹੀ ਧਾਰਮਿਕ ਇਤਿਹਾਸਕ ਪ੍ਰਸੰਗ। ਤੜਕ ਭੜਕ ਗਾਇਕੀ ਸੁਣ ਵਾਲੇ ਅਜੋਕੇ ਸਰੋਤਿਆਂ ਦੇ ਜ਼ਿਹਨ ਚ ਭਾਵੇਂ ਕਰਨੈਲ ਸਿਵੀਆ ਦਾ ਨਾਂ ਨਾ ਹੋਵੇ ਪਰ ਅੱਜ ਤੋਂ ਪੰਦਰਾਂ ਵੀਹ ਸਾਲ ਪੁਰਾਤਨ ਗਾਇਕੀ ਦੇ ਸਰੋਤੇ ਉਸ ਦੇ ਨਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਸਦੇ ਸਦਾ ਬਹਾਰ ਸੱਭਿਆਚਾਰਕ ਗੀਤ ਉਸਦੀ ਸ਼ਾਹਕਾਰ ਕਲਮ ਦੀ ਗਵਾਹੀ ਭਰਦੇ ਹਨ। ਮਾਛੀਵਾੜੇ ਸਾਹਿਬ ਦੀ ਚਰਨਛੋਹ ਪ੍ਰਾਪਤ ਧਰਤੀ ਦੇ ਨੇੜਲੇ ਪਿੰਡਾਂ ਦੀ ਧਰਤ ਤੇ ਜਨਮਿਆਂ ਕਰਨੈਲ ਸਿਵੀਆ ਸਪੁਰ ਪ੍ਰਸਿੱਧ ਗੀਤਕਾਰ ਸਵ: ਸਵਰਨ ਸਿਵੀਆ ਦਾ ਛੋਟਾ ਭਰਾ ਹੈ। ਜਿਸ ਦੀ ਕਲਮ ਚੋਂ ਸਿਰਜੇ ਗੀਤਾਂ ਨੂੰ ਗਾ ਕੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ਉੱਚਾ ਨਾਮਣਾ ਖੱਟਿਆ। ਸਵਰਗੀਏ ਅਮਰ ਸਿੰਘ ਚਮਕੀਲਾ ਦੀ ਆਵਾਜ਼ ਚ ਰਿਕਾਰਡ ਹੋਇਆ ਉਸ ਦਾ ਇੱਕੋ ਇੱਕ ਸ਼ਾਹਕਾਰ ਗੀਤ ''ਸਾਥੋਂ ਬਾਬਾ ਖੋਹ ਲਿਆ ਤੇਰਾ ਨਾਨਕਾਣਾ'' ਉਸਦੀ ਕਲਮ ਦੀ ਦਾਸਤਾਨ ਬਿਆਨ ਕਰਦਾ ਹੈ। ਸੁਰਿੰਦਰ ਛਿੰਦਾ, ਲਵਲੀ ਨਿਰਮਾਣ ਅਤੇ ਰਣਜੀਤ ਮਣੀ ਵਰਗਿਆਂ ਦੀ ਕਤਾਰ ਦੇ ਸਮਕਾਲੀ ਗਵੱਈਆਂ ਦੀ ਆਵਾਜ਼ ਚ ਗੀਤ ਰਿਕਾਰਡ ਕਰਵਾਕੇ ਆਪਣੇ ਨਾਂ ਦੀ ਪ੍ਰਸਿੱਧ ਖੱਟਣ ਵਾਲਾ ਕਰਨੈਲ ਸਿਵੀਆ ਅੱਜ ਕੱਲ੍ਹ ਖ਼ੁਦ ਵੀ ਗਾਇਕੀ ਖੇਤਰ ਦੀ ਨਾਮੀਂ ਗਾਇਕਾ ਬੀਬਾ ਮਨਜੀਤ ਮਾਨ ਨਾਲ ਸੱਭਿਆਚਾਰਕ ਸਟੇਜਾਂ ਤੇ ਆਪਣੀ ਗਾਇਕੀ ਦੀ ਮਹਿਕ ਬਿਖੇਰ ਰਿਹਾ ਹੈ।ਪ੍ਰਮਾਤਮਾ ਕਰੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਗੀਤਾਂ ਰਾਹੀਂ ਗੱਲ ਕਰਨ ਵਾਲੀ ਕਰਨੈਲ ਸਿਵੀਆ ਦੀ ਕਲਮ ਇਸ ਤਰ੍ਹਾਂ ਗੀਤਕਾਰੀ ਅਤੇ ਗਾਇਕੀ ਦਾ ਸਿਰਨਾਵਾਂ ਬਣ ਹੋਰ ਵੀ ਉੱਚੀਆਂ ਉਡਾਰਾਂ ਭਰਦੀ ਰਹੇ।

**ਸਰੂਪ ਸਿੰਘ, ਚੌਧਰੀ ਮਾਜਰਾ (ਨਾਭਾ)**
**99886-27880**

# ਪ੍ਰਸਿੱਧ ਲੋਕ ਗਾਇਕ ਕੇ ਐਸ ਮੱਖਣ ਦਾ ਨਿਊਯਾਰਕ ਵਿੱਚ ਕੌਲ ਬ੍ਰਦਰਜ਼ ਨੇ ਕੀਤਾ ਗੋਲਡ ਮੈਡਲ ਨਾਲ ਸਨਮਾਨ





**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਵਿਸ਼ਵ ਪ੍ਰਸਿੱਧ ਲੋਕ ਗਾਇਕ ਕੇ ਐਸ ਮੱਖਣ ਦਾ ਨਿਊਯਾਰਕ ਅਮਰੀਕਾ ਦੀ ਧਰਤੀ ਤੇ ਪੁੱਜਣ ਮੌਕੇ ਕੌਲ ਬ੍ਰਦਰਜ਼ ਵਲੋਂ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਕੌਲ ਬ੍ਰਦਰਜ਼ ਦੀ ਪੂਰੀ ਟੀਮ ਜਿਸ ਵਿੱਚ ਸਰਬਜੀਤ ਸਾਬੀ ਕੌਲ, ਜਸਬੀਰ ਰਾਏ ਕੌਲ ਮਿੰਟੂ, ਸੈਂਡੀ ਸੰਦੀਪ ਕੌਲ ਅਤੇ ਉਹਨਾਂ ਦੇ ਪਿਤਾ ਚਰਨਜੀਤ ਰਾਏ ਕੌਲ ਨੇ ਦੱਸਿਆ ਕਿ ਕਿ ਕੇ ਐਸ ਮੱਖਣ ਵਰਗੇ ਕਲਾਕਾਰ ਆਪਣੀ ਦਮਦਾਰ ਗਾਇਕੀ ਦੇ ਜਰੀਏ ਹਮੇਸ਼ਾ ਹੱਕਾਂ ਦੀ ਗੱਲ ਕਰਦੇ ਹਨ ਉਹਨਾਂ ਕਿਹਾ ਕਿ ਲੋਕ ਗਾਇਕ ਕੇ ਐਸ ਮੱਖਣ ਨੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜੀਵਨ ਸੰਦਰਭ ਸਬੰਧੀ ਅਨੇਕਾਂ ਗੀਤ ਸਮਾਜ ਦੀ ਝੋਲੀ ਪਾ ਕੇ ਇਤਿਹਾਸ ਵਿੱਚ ਵਿਲੱਖਣ ਕਾਰਜ ਕੀਤਾ ਹੈ। ਗਾਇਕ ਕੇ ਐਸ ਮੱਖਣ ਨੇ ਜਿੱਥੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ 'ਲੈ ਕੇ ਬਾਬਾ ਸਾਹਿਬ ਨੇ ਦਿੱਤੇ ਸਾਨੂੰ ਹੱਕ ਬਰਾਬਰ ਦੇ' ਅਤੇ 'ਇਕ ਬਾਬਾ ਸਾਹਿਬ ਨੇ ਪਤਾ ਨਹੀਂ ਕਿੰਨੇ ਸਾਹਬ ਬਣਾ ਦਿੱਤੇ' ਵਰਗੇ ਮਹਾਨ ਗੀਤ ਗਾਏ ਹਨ, ਉਥੇ ਹੀ ਉਹਨਾਂ ਨੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਦੀਆਂ ਰਚਨਾਵਾਂ ਗਾ ਕੇ ਸੰਸਾਰ ਵਿੱਚ ਵਸਦੇ ਸਾਰੇ ਲੋਕਾਂ ਨੂੰ ਰਹਿਬਰਾਂ ਵਲੋਂ ਦਿੱਤਾ ਹੋਇਆ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ ।ਸਰਬਜੀਤ ਸਾਬੀ ਕੌਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਪਹਿਲਾਂ ਕੌਲ ਭਰਾਵਾਂ ਵਲੋਂ ਲੋਕ ਗਾਇਕ ਕੇ ਐਸ ਮੱਖਣ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਉਪਰੰਤ ਉਹਨਾਂ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਆ ਗਿਆ । ਇਸ ਸਮਾਗਮ ਵਿੱਚ ਸ਼੍ਰੀਮਾਨ ਪਰਮਜੀਤ ਕਮਾਮ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬਲਵਿੰਦਰ ਭੌਰਾ ਜਨਰਲ ਸਕੱਤਰ, ਸ੍ਰੀ ਪਿੰਦਰਪਾਲ ਚੇਅਰਮੈਨ ਬੇਗਮਪੁਰਾ ਕਲਚਰ ਸੋਸਾਇਟੀ ਨਿਊਯਾਰਕ, ਸ੍ਰੀ ਰਾਜ ਕੁਮਾਰ ਰਾਜੂ ਪ੍ਰਧਾਨ ਬੇਗਮਪੁਰਾ ਕਲਚਰ ਸੋਸਾਇਟੀ ਨਿਊਯਾਰਕ, ਸ੍ਰੀ ਨਿਰਮਲ ਮੋਰੋਂ ,ਸ੍ਰੀ ਮਦਨ ਬੱਧਣ, ਸ੍ਰੀ ਚਮਨ ਲਾਲ ਸਾਬਕਾ ਸਰਪੰਚ , ਸ਼੍ਰੀ ਰਮੇਸ਼ ਮਹੇ, ਜਸਵਿੰਦਰ ਮਹੇ ਦੁਹੜੇ, ਜੋਸਨ ਫੈਮਲੀ, ਲਾਲੀ ਮੋਰੋਂ ਸ਼੍ਰੀ ਬਬਲੂ ਜੱਸੀ, ਸ਼੍ਰੀ ਝਲਮਣ ਦਾਸ, ਜੀਤ ਰਾਮ ਜੇਤੇਵਾਲੀ, ਸ਼੍ਰੀ ਸ਼ਿੰਦਾ ਝਿੱਕਾ, ਸ੍ਰੀ ਮੁਖਤਿਆਰ ਬੰਟੀ, ਵਿਜੇ , ਮੱਖਣ ਫਰਾਲਾ, ਬਿੱਟੂ ਸਪੀਡੋ, ਜੁਗਨੂ ਜੀ, ਹੈਪੀ ਬੱਧਣ, ਅਮਰਿੰਦਰ ਮਾਹੀ, ਹਰ ਬਲਾਸ ਲਾਲੀ, ਮਿੱਕੀ ਸ਼ਾਹ, ਕੁਲਵਿੰਦਰ ਬੈਂਸ, ਹੈਪੀ, ਬਲਜਿੰਦਰ ਸੋਹਲ, ਮਨਪ੍ਰੀਤ ਮਾਨ, ਦੁਰਗਾ ਦਾਸ, ਰਿੰਕੂ ਪ੍ਰਧਾਨ, ਸੋਨੂ ਮੋਰੋਂ, ਏ ਐਸ ਰਮਤਾ, ਦੀਪਾ ਕਰਤਾਰਪੁਰੀ ਠੇਕੇਦਾਰ ਬਲਵੀਰ ਰੰਧਾਵਾ, ਪਰਮਿੰਦਰ, ਸੰਦੀਪ ਸ਼ਰਮਾ, ਰਿੰਕੂ ਹੈਰੀ, ਚੌਹਾਨ, ਜਤਨਬੀਰ ਸਿੰਘ ਅਤੇ ਹੋਰਾਂ ਵਲੋਂ ਖਾਸ ਤੌਰ ਤੇ ਸਮਾਗਮ ਵਿੱਚ ਹਿੱਸਾ ਲਿਆ ਗਿਆ। ਸਮਾਗਮ ਦੀ ਸੰਪੰਨਤਾ ਤੇ ਸਮੂਹ ਕੌਲ ਬ੍ਰਦਰਜ਼ ਵਲੋਂ ਪੁੱਜੇ ਸਾਰੇ ਸਾਥੀਆਂ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਗਿਆ ਅਤੇ ਸਭ ਨੂੰ ਡਿਨਰ ਕਰਾਇਆ ਗਿਆ।

# ਹਜ਼ਾਰਾਂ ਗੀਤਾਂ 'ਚ ਅੱਜ ਵੀ ਅਮਰ ਹੈ ਲਤਾ ਮੰਗੇਸ਼ਕਰ

## ਅੱਜ ਜਨਮ ਦਿਨ ਮੌਕੇ ਵਿਸ਼ੇਸ਼

ਲਤਾ ਮੰਗੇਸ਼ਕਰ ਭਾਰਤ ਦੀ ਐਸੀ ਮਹਾਨ ਗਾਇਕਾ, ਜਿਸ ਨੇ ਸੰਗੀਤ ਦੀ ਦੁਨੀਆ 'ਚ ਆਪਣੇ ਵਡਮੁੱਲੇ ਯੋਗਦਾਨ ਨਾਲ ਇੱਕ ਅਮਿਟ ਛਾਪ ਛੱਡੀ। ਉਸ ਦੀ ਮਿੱਠੀ ਅਤੇ ਸੁਰੀਲੀ ਆਵਾਜ਼ ਨੇ ਲੱਖਾਂ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਹਜ਼ਾਰਾਂ ਗਾਣਿਆਂ ਨੂੰ ਆਪਣੀ ਅਮਰ ਆਵਾਜ਼ ਦਿਤੀ, ਜੋ ਅੱਜ ਵੀ ਭਾਰਤੀ ਸਿਨੇਮਾ ਦਾ ਅਟੁੱਟ ਹਿੱਸਾ ਹਨ। ਉਸ ਦੀ ਗਾਇਕੀ ਵਿੱਚ ਭਾਵਨਾ ਅਤੇ ਸ਼ੁੱਧਤਾ ਦੀ ਇੱਕ ਐਸੀ ਸਾਂਝ ਸੀ, ਜੋ ਹਰ ਦੌਰ ਦੇ ਦਰਸ਼ਕਾਂ ਨੂੰ ਪਸੰਦ ਆਈ।

ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਵਿਚ 28 ਸਤੰਬਰ 1929 ਨੂੰ ਜਨਮ ਲੈਣ ਵਾਲੀ ਇੱਕ ਛੋਟੀ ਜਿਹੀ ਬੱਚੀ ( ਹੇਮਾ ) ਨੂੰ ਲੋਕਾਂ ਦੇ ਪਿਆਰ ਨੇ ਸੰਗੀਤ ਦੀ ਦੇਵੀ, ਸੁਰਾਂ ਦੀ ਮਲਿੱਕਾ ਅਤੇ ਭਾਰਤ ਦੀ ਕੋਇਲ ਦਾ ਨਾਮ ਦਿੱਤਾ, ਜਿਸ ਦੀ ਆਵਾਜ਼ ਹੀ ਪਛਾਣ ਬਣੀ ਅਤੇ ਦੁਨੀਆਂ ਵਿੱਚ ਲਤਾ ਮੰਗੇਸ਼ਕਰ ਦੇ ਨਾਮ ਤੋਂ ਮਕਬੂਲ ਹੋਈ।

ਲਤਾ ਦਾ ਜਨਮ ਸਭ ਤੋਂ ਵੱਡੀ ਧੀ ਦੇ ਰੂਪ ਵਿੱਚ ਮਰਾਠਾ ਸਮਾਜ ਦੇ ਪੰਡਿਤ ਦੀਨਾਨਾਥ ਮੰਗੇਸ਼ਕਰ ਦੇ ਮੱਧਵਰਗੀ ਪਰਿਵਾਰ 'ਚ ਹੋਇਆ। ਉਸਦੇ ਪਿਤਾ ਇੱਕ ਥੀਏਟਰ ਕਲਾਕਾਰ ਅਤੇ ਗਾਇਕ ਸਨ, ਜਿਸ ਕਰਕੇ ਉਸਦੇ ਪਰਿਵਾਰ ਵਿੱਚੋਂ, ਭਰਾ ਹਿਰਦੇਨਾਥ ਮੰਗੇਸ਼ਕਰ ਭੈਣਾਂ ਊਸ਼ਾ ਮੰਗੇਸ਼ਕਰ, ਮੀਨਾ ਮੰਗੇਸ਼ਕਰ ਅਤੇ ਆਸ਼ਾ ਭੌਂਸਲੇ ਨੇ ਆਪਣੀ ਰੋਜ਼ੀ-ਰੋਟੀ ਲਈ ਸੰਗੀਤ ਜਗਤ ਨੂੰ ਹੀ ਚੁਣਿਆ।

ਬਚਪਨ ਤੋਂ ਹੀ ਗਾਉਣ ਦੀ ਬੇਹੱਦ ਸ਼ੌਕੀਨ ਲਤਾ ਨੇ ਅਪਣੀ ਮਿਹਨਤ ਅਤੇ ਪ੍ਰਮਾਤਮਾ ਵਲੋਂ ਦਿੱਤੀ ਆਵਾਜ਼ ਨਾਲ ਗਾਇਕੀ ਦਾ ਸਭ ਤੋਂ ਵੱਡਾ ਮੁਕਾਮ ਹਾਸਲ ਕੀਤਾ। 1947 ਤੋ ਲੈਕੇ 2021 ਤੱਕ ਕੋਈ ਵੀ ਐਸਾ ਸੰਗੀਤ ਨਿਰਦੇਸ਼ਕ ਨਹੀਂ ਹੋਣਾ ਜਿਸ ਨੇ ਆਪਣਾ ਗੀਤ ਲਤਾ ਕੋਲੋ ਨਾ ਗਵਾਇਆ ਹੋਵੇ।

ਜਿੰਨਾ ਵੱਡਾ ਕਲਾਕਾਰ, ਉਨ੍ਹੀਂ ਹੀ ਗੰਭੀਰਤਾ ਅਤੇ ਮਿਹਨਤ ਨਾਲ ਲਤਾ ਜੀ ਆਪਣੀ ਗਾਇਕੀ ਦਾ ਕੰਮ ਕਰਦੇ ਅਤੇ ਕਈ ਵਾਰ ਗੀਤ ਦੀ ਰਿਹਰਸਲ ਕਰਦੇ ਸਨ। ਇੰਨਾ ਹੀ ਨਹੀਂ, ਉਹ ਗੀਤ ਰਿਕਾਰਡ ਕਰਨ ਤੋਂ ਪਹਿਲਾਂ ਹੀਰੋਇਨ ਦਾ ਨਾਮ ਵੀ ਜਾਣ ਲੈਂਦੇ ਸੀ ਤਾਂ ਜੋ ਉਹ ਉਸ ਸੁਰ ਵਿਚ ਗਾ ਸਕੇ ਜੋ ਪਰਦੇ 'ਤੇ ਹੀਰੋਇਨ ਨਾਲ ਮੇਲ ਖਾਂਦਾ ਹੋਵੇ। ਓਹਨਾਂ ਦੇ ਗਾਉਣ ਦਾ ਲਿਹਾਜਾ ਇਹਨਾਂ ਕਾਬਿਲੇ ਤਾਰੀਫ਼ ਸੀ ਕਿ ਗੀਤ ਚਾਹੇ ਹਿੰਦੀ ਦਾ ਹੋਵੇ ਜਾਂ ਫੇਰ ਪੰਜਾਬੀ ਜੁਬਾਨ 'ਚ,ਉਹ ਗੀਤ ਨੂੰ ਕਿਤੇ ਵੀ ਰੁਕਣ ਜਾਂ ਖੜਨ ਨਹੀਂ ਦੇਂਦੇ ਸਨ ਅਤੇ ਸੁਣਨ ਵਾਲੇ ਨੂੰ ਲਗਦਾ ਸੀ ਕਿ ਸ਼ਾਇਦ ਲਤਾ ਜੀ ਦੀ ਇਹ ਭਾਸ਼ਾ ਹੀ ਉਨ੍ਹਾਂ ਦੀ ਮਾਂ ਬੋਲੀ ਹੈ।

ਲਤਾ ਨੇ ਵੱਖ-ਵੱਖ ਭਾਸ਼ਾਵਾਂ ਵਿਚ ਕੋਈ ਤੀਹ ਹਜ਼ਾਰ ਤੋਂ ਵੀ ਵਧ ਗੀਤ ਗਾਏ ਜਿਵੇਂ :-

ਨਾਮ ਗੁੰਮ ਜਾਏਗਾ,ਚੇਹਰਾ ਯੇ ਬਦਲ ਜਾਏਗਾ....

ਕੋਰਾ ਕਾਗਜ਼ ਥਾ ਯੇ ਮਨ ਮੇਰਾ .....

ਮੇਰਾ ਸਾਇਆ ਸਾਥ ਹੋਗਾ......

ਅਜੀਬ ਦਾਸਤਾਂ ਹੈ ਯੇ......

ਗਾਤਾ ਰਹੇ ਮੇਰਾ ਦਿਲ....

ਪਿਆਰ ਦੇ ਭੁਲੇਖੇ.....

ਅਸਾਂ ਕੀਤੀ ਏ ਤੇਰੇ ਨਾਲ.....

ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੀਤ ਜੋ ਅੱਜ ਵੀ ਲੋਕਾਂ ਦੀ ਜ਼ੁਬਾਂ ਤੇ ਹਨ।

ਇਕੱਲੀ ਲਤਾ ਹੀ ਇਕ ਐਸੀ ਗਾਇਕਾ ਸੀ ਜਿਨ੍ਹਾਂ ਨੂੰ ਤਿੰਨ ਪੀੜ੍ਹੀਆਂ ਤਕ ਗਾਉਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਨੇ ਪੁਰ-ਾਣੇ ਜ਼ਮਾਨੇ ਦੀ ਪ੍ਰਸਿੱਧ ਹੀਰੋਇਨ ਸ਼ੋਭਨਾ ਸਮਰਥ ਦੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ। ਇਸ ਤੋਂ ਬਾਅਦ ਸ਼ੋਭਨਾ ਸਮਰਥ ਦੀਆਂ ਬੇਟੀਆਂ ਅਤੇ



ਮਸ਼ਹੂਰ ਅਭਿਨੇਤਰੀਆਂ ਨੂਤਨ ਤੇ ਤਨੂਜਾ ਲਈ ਵੀ ਕਈ ਗੀਤ ਗਾਏ। ਉਸ ਤੋਂ ਬਾਅਦ ਲਤਾ ਜੀ ਨੇ ਤਨੂਜਾ ਦੀ ਬੇਟੀ ਅਤੇ ਨਵੀਂ ਪੀੜ੍ਹੀ ਦੀ ਅਦਾਕਾਰਾ ਕਾਜੋਲ ਲਈ ਵੀ ਅਨੇਕਾਂ ਗੀਤ ਗਾਏ।

ਚੀਨ ਯੁੱਧ ਤੋਂ ਬਾਅਦ, ਲਤਾ ਜੀ ਨੇ 27 ਜਨਵਰੀ 1963 ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ 'ਏ ਮੇਰੇ ਵਤਨ ਕੇ ਲੋਗੋਂ' ਗੀਤ ਗਾਇਆ। ਉਸ ਸਮੇਂ ਉੱਥੇ ਪੰਡਿਤ ਜਵਾਹਰ ਲਾਲ ਨਹਿਰੂ ਦੇਸ਼ ਦੇ ਪ੍ਰਧਾਨ ਮੰਤਰੀ ਵੀ ਬੈਠੇ ਸਨ। ਇਹ ਗੀਤ 1962 ਦੀ ਭਾਰਤ-ਚੀਨ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਲਿਖਿਆ ਗਿਆ ਸੀ। ਲਤਾ ਜੀ ਨੇ ਲਾਈਵ ਪ੍ਰੋਗਰਾਮ ਤੋਂ ਪਹਿਲਾਂ ਸਿਰਫ ਇੱਕ ਵਾਰ ਰਿਹਰਸਲ ਕੀਤੀ ਸੀ। ਪ੍ਰੋਗਰਾਮ ਖਤਮ ਹੋਇਆ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਉਨ੍ਹਾਂ ਨਾਲ ਗੱਲ ਕਰਨ ਦੀ ਗੁਜਾਰਿਸ਼ ਕੀਤੀ। ਲਤਾ ਜੀ ਨੇ ਸੋਚਿਆ ਕਿ ਸ਼ਾਇਦ ਮੇਰੇ ਤੋ ਕੋਈ ਗਲਤੀ ਹੋ ਗਈ ਹੈ। ਪਰ ਜਦੋਂ ਲਤਾ ਜੀ ਪੰਡਿਤ ਜੀ ਕੌਲ ਗਏ ਤਾਂ ਪੰਡਿਤ ਜੀ ਦੀਆਂ ਅੱਖਾਂ ਵਿੱਚ ਹੰਝੂ ਸਨ। ਪੰਡਿਤ ਜੀ ਨੇ ਲਤਾ ਜੀ ਨੂੰ ਕਿਹਾ ਤੁਸੀਂ ਮੈਨੂੰ ਅੱਜ ਰੋਣ ਤੇ ਮਜਬੂਰ ਕਰ ਦਿੱਤਾ। ਓਹ ਗੀਤ ਅੱਜ ਵੀ ਉਨ੍ਹਾਂ ਹੀ ਮਕਬੂਲ ਹੈ ਜਿਨ੍ਹਾਂ 1963 ਵੇਲੇ ਸੀ। ਅੱਜ ਵੀ ਉਹ ਗੀਤ ਹਰ ਬੰਦੇ ਦੀ ਜੁਬਾਨ ਤੇ ਹੈ ਅਤੇ ਨਾ ਹੀ ਉਸ ਗੀਤ ਤੋ ਬਿਨਾਂ ਦੇਸ਼ ਭਗਤੀ ਦਾ ਕੋਈ ਪ੍ਰੋਗਰਾਮ ਹੁੰਦਾ ਹੈ।

ਭਾਰਤ ਰਤਨ ਲਤਾ ਮੰਗੇਸ਼ਕਰ ਭਾਰਤ ਦੀ ਸਭ ਤੋਂ ਪ੍ਰਸਿੱਧ ਅਤੇ ਸਤਿਕਾਰਤ ਗਾਇਕਾ ਸਨ, ਜਿਹਨਾਂ ਦਾ ਕੋਈ ਅੱਠ ਦਹਾਕਿਆਂ ਦਾ ਕਾਰਜਕਾਲ ਸ਼ਾਨਦਾਰ ਅਤੇ ਅਦਭੁਤ ਪ੍ਰਾਪਤੀਆਂ ਨਾਲ ਭਰਪੂਰ ਰਿਹਾ। 1974 ਵਿੱਚ, ਦੁਨੀਆ ਵਿੱਚ ਸਭ ਤੋਂ ਵੱਧ ਗੀਤ ਗਾਉਣ ਦਾ ਰਿਕਾਰਡ ਵੀ ਗਿਨੀਜ਼ ਬੁੱਕ ਵਿੱਚ ਲਤਾ ਦੇ ਨਾਮ ਤੇ ਦਰਜ ਹੈ। ਟਾਈਮ ਮੈਗਜ਼ੀਨ ਨੇ ਉਸ ਨੂੰ ਭਾਰਤੀ ਪਲੇਬੈਕ ਗਾਇਕੀ ਦੀ ਸਭ ਤੋਂ ਵੱਡੀ ਸ਼ਾਨਦਾਰ ਮਹਾਰਾਣੀ ਵਜੋਂ ਸਵੀਕਾਰ ਕੀਤਾ ਹੈ। ਲਤਾ ਜੀ ਫਿਲਮ ਇੰਡਸਟਰੀ ਦੀ ਪਹਿਲੀ ਔਰਤ ਹੈ ਜਿਹਨਾਂ ਨੂੰ ਭਾਰਤ ਰਤਨ ਅਤੇ ਦਾਦਾ ਸਾਹਿਬ ਫਾਲਕੇ ਪੁਰਸਕਾਰ ਮਿਲਿਆ ਹੈ। ਸਾਲ 1974 ਵਿੱਚ, ਲਤਾ ਜੀ ਨੂੰ ਲੰਡਨ ਦੇ ਮਸ਼ਹੂਰ ਰਾਇਲ ਅਲਬਰਟ ਹਾਲ ਵਿੱਚ ਪਹਿਲੀ ਭਾਰਤੀ ਗਾਇਕਾ ਵਜੋਂ ਗਾਉਣ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਦੀ ਆਵਾਜ਼ ਬਾਰੇ ਅਮਰੀਕੀ ਵਿਗਿਆਨੀਆਂ ਨੇ ਇਹ ਵੀ ਕਿਹਾ ਕਿ ਅਜਿਹੀ ਸੁਰੀਲੀ ਆਵਾਜ਼ ਕਦੇ ਨਹੀਂ ਸੀ ਅਤੇ ਨਾ ਕਦੇ ਹੋਵੇਗੀ।

ਆਖਿਰ 6 ਫਰਵਰੀ 2022 ਦਿਨ ਐਤਵਾਰ ਸਵੇਰ ਦੇ ਸਮੇਂ ਸੁਰਾਂ ਦੀ ਸਲਤਨਤ ਹਮੇਸ਼ਾ ਲਈ ਅਲੋਪ ਹੋ ਗਈ, ਲਤਾ ਮੰਗੇਸ਼ਕਰ ਜੀ ਸ਼ਰੀਰਕ ਤੌਰ ਤੇ ਦੁਨੀਆਂ ਨੂੰ ਅਲਵਿਦਾ ਤਾਂ ਕਿਹ ਗਏ ਪਰ ਉਨ੍ਹਾਂ ਵਲੋਂ ਗਾਏ ਗਏ ਗੀਤ ਹਮੇਸ਼ਾ ਲਈ ਅਮਰ ਹੋ ਗਏ। ਜਿੰਨ੍ਹਾ ਨੂੰ ਅਸੀ ਅੱਜ ਵੀ ਸੁਣਦੇ ਹਾਂ ਅਤੇ ਸੁਣਦੇ ਰਹਾਂਗੇ। ਉਸ ਦੀ ਆਵਾਜ਼ ਸੁਣ ਕੇ ਕਦੇ ਕਿਸੇ ਦੀਆਂ ਅੱਖਾਂ ਹੰਝੂਆਂ ਨਾਲ ਭਰ ਜਾਂਦੀਆ ਅਤੇ ਕਦੇ ਸਰਹੱਦ 'ਤੇ ਖੜ੍ਹੇ ਫ਼ੌਜੀਆਂ ਨੂੰ ਉਨ੍ਹਾਂ ਦੇ ਗੀਤ ਸੁਣਕੇ ਹੌਸਲਾ ਮਿਲਦਾ। ਉਹ ਭਾਰਤ ਦੀ ਹੀ ਨਹੀਂ ਸਗੋਂ ਦੁਨੀਆ ਭਰ ਵਿਚ ਸੰਗੀਤ ਪ੍ਰੇਮੀਆਂ ਲਈ ਮਾਣ ਅਤੇ ਪਛਾਣ ਸੀ।



ਬਲਦੇਵ ਸਿੰਘ ਬੇਦੀ
ਜਲੰਧਰ

# ਨੋਬਲ ਪ੍ਰਾਈਜ਼ ਦੇ ਹੱਕਦਾਰ

ਦੁਨੀਆਂ ਦੇ ਦੇਸ਼ਾਂ ਦੇ, ਦੋ ਧੜੇ ਬਣਾ ਰੱਖੇ,ਵਪਾਰ ਆਪਣਾ,ਚਮਕਾਉਣ ਲਈ, ਨਿੱਤ ਲੜਾਈਆਂ ਰਹਿੰਦਾ ਕਰਾਉਂਦਾ। ਫਿਰ ਕਹਿੰਦਾ, ਮੈਂ ਸਮਝੌਤੇ ਕਰਾਊਨਾ, ਆਪਣੇ ਆਪ ਨੂੰ, ਨੋਬਲ ਪ੍ਰਾਈਜ਼ ਦਾ ਹੱਕਦਾਰ ਕਹਾਉਂਦਾ। ਦੁਨੀਆ ਇੰਤਜ਼ਾਰ ਕਰਦੀ, ਊਠ ਦਾ ਬੁੱਲ ਕਿਸ ਪਾਸੇ ਡਿੱਗਦਾ। ਕੁਝ ਪਿੱਠੂ ਨੇ ਉਸ ਦੇ, ਕਰਦੇ ਹਰਦਮ ਉਸਦਾ ਸਿਜਦਾ। ਨੋਬਲ ਪ੍ਰਾਈਜ਼ ਉਨ੍ਹਾਂ ਨੂੰ ਮਿਲਦਾ, ਜਿਹੜੇ ਦੁਨੀਆ ਤੇ,ਸ਼ਾਂਤੀ ਦਾ ਦਿੰਦੇ ਨੇ ਪੈਗਾਮ।ਉਸ ਨੂੰ ਕਿਵੇਂ ਮਿਲ ਜਾਣਾ, ਇਹ ਇਨਾਮ, ਉਹ ਤਾਂ ਅਪਣੀਆਂ ਖਰਮਸਤੀਆਂ ਨਾਲ ਪਹਿਲਾਂ ਹੀ ਬਦਨਾਮ। ਇਜ਼ਰਾਇਲ ਨੂੰ ਹਵਾ ਦੇ ਦੇ ਕੇ ਹਮਾਸ, ਗਾਜ਼ਾ ਉਤੇ ਬੰਬ ਗਿਰਵਾਉਂਦਾ। ਸਾਰਾ ਇਸਲਾਮੀ ਜਗਤ, ਹਮਾਸ ਦੇ ਨਾਲ, ਟਰੰਪ ਨੂੰ ਦੰਦੀਆਂ ਚਿੜਾਉਂਦਾ। ਅਫਰੀਕਾ ਦੇ ਤੇ ਯੂਰਪੀ ਦੇਸ਼ਾਂ ਦੇ,ਆਪਸੀ ਟਕਰਾਓ ਕਰਾਉਂਦਾ ਰਹਿੰਦਾ। ਸਾਰੀ ਦੁਨੀਆ, ਦੁਖੀ ਹੈ ਇਸ ਤੋਂ, ਹੱਥਾਂ ਤੇ ਸਰੋਂ ਜਮਾਉਂਦਾ।ਭਾਰਤ ਨੂੰ ਵੀ ਆਪਣੇ ਜਾਲ ਵਿੱਚ



ਫਸਾਉਂਦਾ, ਮੋਦੀ ਵਰਗਾ, ਚਤਰ ਬੰਦਾ ਵੀ, ਉਸ ਨੂੰ ਹੈ ਭਰਮਾਉਂਦਾ। ਜੇ ਸਾਬ੍ਹ ਨਾ ਕਾਬੂ ਆਵੇ, ਪਾਕਿਸਤਾਨੀ ਧਿਰ ਨੂੰ ਡਿਨਰ ਤੇ ਬੁਲਾਉਂਦਾ। ਉਥੋਂ ਦੇ ਜਨਰਲ ਮਨੀਰ ਨੂੰ, ਰਾਜ ਪਲਟੇ ਲਈ ਉਕਸਾਉਂਦਾ। ਨਵਾਜ਼ ਸ਼ਰੀਫ ਨੂੰ ਵੀ, ਲੋਲੀਪੋਪ ਦੇ ਕੇ, ਚੁੱਪ ਕਰਾਉਂਦਾ। ਜੈਲੈਂਸਕੀ ਨੂੰ ਵੀ, ਮੁਸੇਰਾ ਪੁੱਤ ਸਮਝ ਕੇ, ਕੋਲੇ ਕੋਲੇ ਲਾਉਂਦਾ। ਰੂਸ ਦੇ ਪੂਤਿਨ ਨਾਲ, ਜੱਫੀਆਂ ਪਾ ਕੇ ਆਪਣਾ ਹੇਜ ਜਤਾਉਂਦਾ। ਮੌਕੇ ਦੀ ਤਾਕ ਚ,ਰੈਫਰੀ ਬਣ ਕੇ, ਦੋਨਾਂ ਦਾ ਯੁੱਧ ਕਰਾਉਂਦਾ। ਚੀਨ, ਕੋਰੀਆ ਇਸ ਨੂੰ ਮੂੰਹ ਨ੍ਹੀਂ ਲਾਉਂਦੇ, ਹਲਕੇ ਕੁੱਤੇ ਨੂੰ, ਦੂਰ ਭਜਾਉਂਦੇ। ਭੇੜੀਏ ਦੇ ਮੂੰਹ ਨੂੰ ਲੱਗਿਆ ਖੂਨ, ਵੱਢਣ ਤੋਂ ਬਾਜ ਨ੍ਹੀਂ ਆਉਂਦਾ। ਹੁਣ ਕਹਿੰਦਾ ਮੈਨੂੰ ਨੋਬਲ ਪ੍ਰਾਈਜ਼ ਨ੍ਹੀਂ ਚਾਹੀਦਾ, ਮੈਂ ਤਾਂ ਆਪਣਾ ਟਾਈਮ ਲੰਘਾਉਂਦਾ। ਝੂਠ ਪਹਿਲਾਂ ਪਹਿਲ ਤਾਂ ਬਹੁਤ ਹੈ ਫਲਦਾ, ਅੰਤ ਨੂੰ ਸੱਚ ਦੀ ਜਿੱਤ ਹੁੰਦੀ, ਮੂੰਹ ਲੁਕੋ ਕੇ ਫਿਰੇ ਟਲਦਾ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ–ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639**

# ਦੋਗਾਣਾ ਜੋੜੀ ਸਰਬਜੀਤ ਫੁੱਲ - ਪ੍ਰੀਤ ਸਮਰਾਲਾ ਲੈ ਕੇ ਆਏ ਨਵਾਂ ਟ੍ਰੈਕ 'ਗੱਪ'

**ਸਰੀ/ਵੈਨਕੂਵਰ (ਕੁਲਦੀਪ ਚੁੰਬਰ)–** ਰਿੰਗ ਰਿਕਾਰਡਸ ਬਾਈਵ ਦੀ ਪੇਸ਼ਕਸ਼ ਵਿੱਚ ਦੋਗਾਣਾ ਜੋੜੀ ਸਰਬਜੀਤ ਫੁੱਲ – ਪ੍ਰੀਤ ਸਮਰਾਲਾ ਵਲੋਂ ਆਪਣਾ ਨਵਾਂ ਟ੍ਰੈਕ 'ਗੱਪ' ਟਾਈਟਲ ਹੇਠ ਲੈ ਕੇ ਆਏ ਨੇ। ਇਸ ਸੌਂਗ ਨੂੰ ਅਜੇ ਸਰਬ ਗਾਹਟ ਯੂਐਸਏ ਨੇ ਪੇਸ਼ ਕੀਤਾ ਹੈ। ਸੰਨੂ ਨਵਾਂ ਪਿੰਡੀਆ ਵਲੋਂ ਇਸ ਟ੍ਰੈਕ ਨੂੰ ਕਲਮਬੱਧ ਕੀਤਾ ਗਿਆ ਗਿਹਾ ਹੈ ਤੇ ਸੁਰਿੰਦਰ ਬੱਬੂ ਵਲੋਂ ਇਸਦਾ ਸੰਗੀਤ ਤਿਆਰ ਕੀਤਾ ਗਿਆ। ਸੀਟੂ ਬਾਈ ਵਲੋਂ ਇਸ ਟ੍ਰੈਕ ਦਾ ਵੀਡੀਓ ਫਿਲਮਾਂਕਣ ਕੀਤਾ ਗਿਆ। ਲੋਕ ਗਾਇਕ ਸਰਬਜੀਤ ਫੁੱਲ ਅਤੇ ਪ੍ਰੀਤ ਸਮਰਾਲਾ ਨੇ ਦੱਸਿਆ ਕਿ ਉਹਨਾਂ ਦਾ ਗਾਇਆ ਇਹ ਟ੍ਰੈਕ ਸੋਸ਼ਲ ਮੀਡੀਆ ਦੀਆਂ ਵੱਖ ਵੱਖ ਸਾਈਟਾਂ ਤੇ ਲਾਂਚ ਕਰ ਦਿੱਤਾ ਗਿਆ ਹੈ। ਜਿਸ ਦੀ ਰਿਪੋਰਟ ਸਰੋਤਿਆਂ ਵਲੋਂ ਹਾਂ ਪੱਖੀ ਪ੍ਰਾਪਤ ਹੋਈ ਹੈ । ਗਾਇਕ ਸਰਬਜੀਤ ਫੁੱਲ ਇੱਕ ਸੰਜੀਦਾ ਕਲਾਕਾਰ ਹੈ, ਜਿਸ ਨੇ ਪਿਛਲੇ ਲੰਬੇ ਅਰਸੇ ਤੋਂ ਪੰਜਾਬੀ ਗਾਇਕੀ ਦੀ ਸੇਵਾ ਕਰਦਿਆਂ ਅਨੇਕਾਂ



ਗੀਤ ਸਰੋਤਿਆਂ ਦੀ ਝੋਲੀ ਪਾਏ ਹਨ। ਉਸਦੇ ਇਸ ਟ੍ਰੈਕ ਨੂੰ ਵੀ ਸਰੋਤੇ ਖੂਬ ਪਸੰਦ ਕਰ ਰਹੇ ਹਨ।

# ਗੰਭੀਰ ਮਸਲੇ

ਦੁਨੀਆਂ ਤੇ ਕੋਈ ਕਰਾਮਾਤ ਨਹੀਂ ਹੁੰਦੀ । ਕਰਾਮਾਤਾਂ ਨਾਲ ਕਦੇ ਵੀ ਕੋਈ ਕੰਮ ਨਹੀਂ ਹੁੰਦਾ ।

ਜੋ ਸਾਨੂੰ ਕਰਾਮਾਤ ਲਗਦੀ ਹੈ ਉਸ ਬਾਰੇ ਵਿਗਿਆਨਿਕ ਨਜ਼ਰੀਏ ਨਾਲ ਖੋਜ਼ ਕਰਨ ਤੇ ਕਾਰਣ ਨਜ਼ਰ ਆਉਂਦੇ ਹਨ ।


ਕਰਾਮਾਤ ਦਾ ਨਾਮ ਲੈ ਕੇ ਜਾਂ ਕਰਾਮਾਤ ਕਹਿ ਕੇ ਦੂਜਿਆਂ ਨੂੰ ਲੁੱਟਿਆ ਜਾਂਦਾ ਹੈ ।

ਡੇਰਿਆਂ ਤੇ ਜਾਣ ਵਾਲੇ ਅਤੇ ਕਰਾਮਾਤ ਹੋਣ ਦੀ ਆਸ ਰੱਖਣ ਵਾਲੇ ਪਹਿਲਾਂ ਹੀ ਮਾਨਸਿਕ ਰੋਗੀ ਹੁੰਦੇ ਹਨ ਅਤੇ ਉੱਥੇ ਜਾਣ ਤੋਂ ਬਾਦ ਗੰਭੀਰ ਮਾਨਸਿਕ ਰੋਗੀ ਬਣ ਜਾਂਦੇ ਹਨ ।

ਗੰਭੀਰ ਮਾਨਸਿਕ ਰੋਗੀਆਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਹੁੰਦਾ ਹੈ ਜੋ ਪੀੜ੍ਹੀ ਦਰ ਪੀੜ੍ਹੀ ਚੱਲਦਾ ਹੈ ।

ਸਾਧਾਂ ਸੰਤਾਂ ਨੂੰ ਮੱਥੇ ਟੇਕ ਕੇ ਕੰਮ ਕਰਵਾਉਣ ਵਾਲਿਆਂ ਨੂੰ ਕਦੇ ਵੀ ਆਪਣੇ ਆਪ ਤੇ ਮਾਣ ਨਹੀਂ ਹੁੰਦਾ ਭਾਵ ਉਨ੍ਹਾਂ ਦਾ ਸੈਲਫ ਕੌਨਫੀਡੈਂਸ (Self conifdence) ਮਰ ਜਾਂਦਾ ਹੈ ।

ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਭ ਮਸਲਿਆਂ ਦਾ ਹੱਲ ਸੌਖਾ ਨਹੀਂ ਹੁੰਦਾ ਹੈ ਪਰ ਗਲਤ ਰਾਹ ਅਪਣਾਉਣ ਨਾਲ ਮਸਲੇ ਹੋਰ ਗੰਭੀਰ ਬਣ ਜਾਂਦੇ ਹਨ ।



**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
**006421392147**

for more news visit:
www.samajweekly.com

# ਵਿਕਸਿਤ ਭਾਰਤ ਦੀ ਕਲਪਨਾ-"ਸੇਵਾ ਪਰਵ" ਆਰਟਿਸਟ ਕੈਂਪ

## "710 ਦੇ ਕਰੀਬ ਕਲਾਕਾਰਾਂ ਨੇ ਰੰਗਾਂ ਨਾਲ ਸਜਾਇਆ ਵਿਕਸਿਤ ਭਾਰਤ ਨੂੰ ਕੈਨਵਸ ਉੱਤੇ









**ਪਟਿਆਲਾ (ਰਮੇਸ਼ਵਰ ਸਿੰਘ)** ਉੱਤਰੀ ਖੇਤਰ ਸੱਭਿਆਚਾਰਕ ਕੇਂਦਰ (ਸਭਿਆਚਾਰਕ ਮੰਤਰਾਲਾ,ਭਾਰਤ ਸਰਕਾਰ) ਪਟਿਆਲਾ ਨੇ "ਸੇਵਾ ਪਰਵ" ਆਰਟਿਸਟ ਕੈਂਪ ਦੇ ਤਹਿਤ ਵਿਕਸਿਤ ਭਾਰਤ ਦੀ ਕਲਪਨਾ ਨੂੰ ਕੈਨਵਸ ਉੱਤੇ ਇੰਝ ਦਰਸ਼ਾਇਆ ਕਿ ਜਿਸ ਵਿੱਚ ਕਲਾਕਾਰਾਂ ਨੇ ਆਪਣੇ ਰੰਗਾਂ ਨਾਲ ਵਿਕਸਿਤ ਭਾਰਤ ਦੀ ਸੱਭਿਆਚਾਰਕ ਸੰਸਕ੍ਰਿਤੀ ਨੂੰ ਸਜਾਂਦੇ ਹੋਏ ਅਜਿਹੇ ਰੰਗ ਨਾਲ ਭਰ ਦਿੱਤਾ ਕਿ ਸੱਚ ਮੁੱਚ ਸਾਰੇ ਕਲਾਕਾਰਾਂ ਦੀਆਂ ਸਾਰੀ ਕ੍ਰਿਤੀਆਂ ਕੁਝ ਨਾ ਕੁਝ ਬਿਆਨ ਕਰ ਰਹੀਆਂ ਸਨ ।ਜਿਸ ਵਿੱਚ ਵਿਸ਼ਵ ਸੰਸਕ੍ਰਿਤੀ ਦੀ ਸੰਸਕ੍ਰਿਤੀ ਵਿੱਚ ਸ਼ਾਮਿਲ ਭਾਰਤ ਦੀ ਸੰਸਕ੍ਰਿਤੀ ਸਭ ਤੋਂ ਮੋਹਰੀ ਕਤਾਰ ਵਿੱਚ ਸ਼ਾਮਿਲ ਹੈ। ਇਸ ਸੇਵਾ ਪਰਵ ਵਿੱਚ 710 ਦੇ ਕਰੀਬ ਪ੍ਰੋਫੈਸ਼ਨਲ, ਕਾਲਜ ਅਤੇ ਸਕੂਲੀ ਵਿਦਿਆਰਥੀਆਂ ਨੇ ਆਪਣੇ ਆਪਣੇ ਸ਼੍ਰੇਣੀ ਵਿੱਚ ਸ਼ਾਮਿਲ ਹੁੰਦੇ ਹੋਏ ਵਿਕਸਿਤ ਭਾਰਤ ਦੀ ਕਲਪਨਾ ਨੂੰ ਆਪਣੇ ਆਪਣੇ ਵੱਖ-ਵੱਖ ਰੰਗਾਂ ਨਾਲ ਸਜਾਇਆ ।ਇਸ ਮੌਕੇ ਇਸ ਸਮਾਗਮ ਦੀ ਸ਼ੋਭਾ ਵਧਾਉਣ ਲਈ ਅਤੇ ਕਲਾਕਾਰ ਨੂੰ ਅਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ ਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸਰਦਾਰ ਜਸਵੰਤ ਸਿੰਘ ਜਫਰ ਅਤੇ ਸ੍ਰੀਮਤੀ ਸੁਨੀਤਾ ਧੀਰ ਪੰਜਾਬੀ ਫਿਲਮਾਂ ਦੀ ਐਕਟ੍ਰੈਸ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਸਨ। ਉਹਨਾਂ ਨੇ ਆਪਣੇ ਸ਼ਬਦਾਂ ਵਿੱਚ ਸ਼ਾਮਿਲ ਸਾਰੇ ਕਲਾਕਾਰਾਂ ਵੱਲੋਂ ਬਣਾਈਆਂ ਗਈਆਂ ਪੇਂਟਿੰਗਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਇਸ ਸ਼ੁਭ ਕਾਰਜ ਲਈ ਉਹਨਾਂ ਨੇ ਉੱਤਰ ਖੇਤਰੀ ਸਭਿਆਚਾਰਕ ਕੇਂਦਰ ਦੇ ਡਾਇਰੈਕਟਰ ਜਨਾਬ ਐਮ ਫੁਰਕਾਨ ਖਾਨ ਅਤੇ ਸੱਭਿਆਚਾਰਕ ਮੰਤਰਾਲਾ, ਭਾਰਤ ਸਰਕਾਰ ਨੂੰ ਵਧਾਈ ਦਿੱਤੀ ਤੇ ਧੰਨਵਾਦ ਕੀਤਾ ।ਇਸ "ਸੇਵਾ ਪਰਵ" ਆਰਟਿਸਟ ਕੈਂਪ ਦੀ ਸਫਲਤਾ ਲਈ ਕੇਂਦਰ ਦੇ ਨਿਰਦੇਸ਼ਕ ਜਨਾਬ ਐਮ ਫੁਰਕਾਨ ਖਾਨ ਨੇ ਜਿੱਥੇ ਭਾਗ ਲੈਣ ਵਾਲੇ ਸਾਰੇ ਕਲਾਕਾਰਾਂ ਨੂੰ ਵਧਾਈ ਦਿੱਤੀ ਉਥੇ ਨਾਲ ਹੀ ਉਹਨਾਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਆਰਟਿਸਟ ਕੈਂਪ ਵਿੱਚ ਜੇਤੂ ਕਲਾਕਾਰਾਂ ਨੂੰ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਅਤੇ ਕਲਾਕਾਰ ਆਪਣੀ ਪੇਟਿੰਗ ਨੂੰ "ਸੇਵਾ ਪਰਵ" ਦੇ ਨਾਲ ਸੋਸ਼ਲ ਮੀਡੀਆ ਤੇ ਅਪਲੋਡ ਕਰਕੇ ਸਭਿਆਚਾਰਕ ਮੰਤਰਾਲਿਆ ਦੇ ਪੇਜ ਉੱਤੇ ਫੀਚਰ ਹੋਣ ਦਾ ਇੱਕ ਸੁਨਹਿਰੀ ਮੌਕਾ ਪ੍ਰਾਪਤ ਕਰ ਸਕਣਗੇ । ਕਿਉਂਕਿ 17 ਸਤੰਬਰ ਤੋਂ ਦੋ ਅਕਤੂਬਰ ਤੱਕ ਦੇਸ਼ ਭਰ ਦੇ 75 ਸਥਾਨਾਂ ਉੱਤੇ ਭਾਰਤ ਸਰਕਾਰ ਦੇ ਸੰਸਕ੍ਰਿਤ ਮੰਤਰਾਲਿਆ ਨੇ ਦੇਸ਼ ਵਿਆਪੀ ਇਸ ਅਭਿਆਨ ਵਿੱਚ ਇਹਨਾਂ ਕੈਂਪਾਂ ਵਿੱਚ ਸ਼ਾਮਿਲ ਹੋਣ ਲਈ ਸਾਰੇ ਕਲਾਕਾਰਾਂ ਨੂੰ ਵਿਸ਼ੇਸ਼ ਰੂਪ ਵਿੱਚ ਸੱਦਾ ਦਿੱਤਾ ਹੈ। ਜਿਸ ਦੇ ਤਹਿਤ ਉੱਤਰ ਖੇਤੀ ਸਭਿਆਚਾਰਕ ਕੇਂਦਰ ਪਟਿਆਲਾ ਨੇ ਵੀ ਆਪਣੇ ਖੇਤਰ ਦੀ ਸ਼੍ਰੇਣੀ ਵਿੱਚ ਆਉਂਦੇ ਵੱਖ-ਵੱਖ ਰਾਜਾਂ ਜਿਵੇਂ ਪੰਜਾਬ, ਹਰਿਆਣਾ, ਚੰਡੀਗੜ੍ਹ, ਜੰਮੂ ਕਸ਼ਮੀਰ ਦੇ ਨਾਲ ਅਤੇ ਹੋਰ ਰਾਜਾਂ ਵਿੱਚ ਅਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਹਨ ।ਜਿਸ ਨਾਲ ਵਿਕਸਿਤ ਭਾਰਤ ਦੀ ਕਲਪਨਾ ਅਤੇ ਭਾਰਤੀ ਸੰਸਕ੍ਰਿਤੀ ਦੀ ਝਲਕ ਦੇਖਣ ਨੂੰ ਮਿਲਦੀ ਹੈ।







**:ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਦੁਆਰਾ ਵਿਕਸਿਤ ਭਾਰਤ ਦੀ ਕਲਪਨਾ "ਸੇਵਾ ਪਰਵ" ਵਿੱਚ ਸ਼ਾਮਿਲ ਕਲਾਕਾਰ ਆਪਣੀ ਕਲਾ ਕ੍ਰਿਤੀਆਂ ਨੂੰ ਵੱਖ ਵੱਖ ਰੰਗਾਂ ਨਾਲ ਸਜਾਉਂਦੇ ਹੋਏ।**





# ਮੈਂ ਮੰਜ਼ਿਲ ਵੱਲ ਇਕੱਲਾ ਹੀ ਚੱਲਿਆ ਸੀ,ਲੋਕ ਸਾਥ ਹੁੰਦੇ ਗਏ ਅਤੇ ਕਾਫਲਾ ਬਣਦਾ ਗਿਆ-ਭਾਅ ਗੁਰਸ਼ਰਨ ਸਿੰਘ

**(16 ਸਤੰਬਰ1929 ਤੋਂ 27 ਸਤੰਬਰ 2011)**

ਗੁਰਸ਼ਰਨ ਭਾਅ ਜੀ ਉੱਘੇ ਰੰਗਕਰਮੀ,ਪੰਜਾਬ ਦੀ ਤਰਕਸ਼ੀਲ ਲਹਿਰ ਦੇ ਮੋਢੀ,ਪੰਜਾਬੀ ਲੋਕ ਰੰਗਮੰਚ ਅਤੇ ਨੁੱਕੜ ਨਾਟਕਾਂ ਦੇ ਸ਼ੇਰ- ਏ- ਪੰਜਾਬ, ਇੱਕ ਅਦਾਕਾਰ,ਇੰਜੀਨੀਅਰ,ਲੇਖਕ, ਨਾਟਕਕਾਰ,ਨਿਰਦੇਸ਼ਕ,ਪ੍ਰਕਾਸ਼ਕ, ਲੋਕਾਂ ਦੇ ਆਗੂ, ਸੰਪਾਦਕ,ਕੁਸ਼ਲ ਪ੍ਰਬੰਧਕ, ਵਕਤਾ ਅਤੇ ਸਭ ਤੋਂ ਉਪਰ ਇੱਕ ਵਧੀਆ ਇਨਸਾਨ ਸਨ।ਉਹ ਇੱਕ ਤੁਰਦੀ- ਫਿਰਦੀ ਸੰਸਥਾ ਸਨ।ਗੁਰਸ਼ਰਨ ਸਿੰਘ ਭਾਅ ਜੀ ਦਾ ਜਨਮ 16 ਸਤੰਬਰ, 1929 ਨੂੰ ਡਾਕਟਰ ਗਿਆਨ ਸਿੰਘ ਦੇ ਘਰ ਮੁਲਤਾਨ (ਪਾਕਿਸਤਾਨ)ਵਿੱਚ ਹੋਇਆ। ਉਨ੍ਹਾਂ ਐਮ.ਐਸ.ਸੀ.(ਆਨਰਜ਼) ਟੈਕਨੀਕਲ ਕੈਮਿਸਟਰੀ ਤੱਕ ਵਿੱਦਿਆ ਪ੍ਰਾਪਤ ਕੀਤੀ।ਮੁਲਤਾਨ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਿਆਂ ਪੰਜਾਬੀ ਤੇ ਉਰਦੂ ਜ਼ੁਬਾਨਾਂ ਸਿੱਖੀਆਂ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪੜ੍ਹਾਈ ਕਰਨ ਉਪਰੰਤ1951 'ਚ ਭਾਖੜਾ ਨੰਗਲ ਵਿਖੇ ਸੀਮਿੰਟ ਦੀ ਲੈਬਾਰਟਰੀ ਵਿੱਚ ਨੌਕਰੀ ਕੀਤੀ।ਉਥੇ ਕੰਮ ਕਰਦਿਆਂ ਉਹ ਇਪਟਾ ਦੇ ਨਾਮੀ ਰੰਗਕਰਮੀ ਜੋਗਿੰਦਰ ਬਾਹਰਲਾ ਦੇ ਨਾਟਕਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹ ਖੁਦ ਰੰਗਮੰਚ ਦੇ ਖੇਤਰ ਵਿੱਚ ਕੁੱਦ ਪਏ। 19ਸਤੰਬਰ 1975 ਨੂੰ ਉਨ੍ਹਾਂ ਨੂੰ ਨੌਕਰੀ ਤੋਂ ਸਸਪੈਂਡ ਕੀਤਾ ਗਿਆ।ਛੋਟੀ ਉਮਰੇ ਉਨ੍ਹਾਂ ਮਾਰਕਸੀ ਫਲਸਫੇ ਨੂੰ ਪੜ੍ਹਿਆ। ਨਾਟਕਾਂ ਵਿੱਚ ਆਪਣੀ ਪਤਨੀ ਕੈਲਾਸ਼ ਕੌਰ ਅਤੇ ਦੋਵਾਂ ਧੀਆਂ ਨੂੰ ਨਾਲ ਲੈ ਕੇ ਭਾਅ ਜੀ ਪਿੰਡ-ਪਿੰਡ ਲੋਕਾਂ ਨੂੰ ਜਾਗਰੂਕ ਕਰਦੇ,ਸਮਾਜਿਕ ਬਰਾਬਰੀ ਦਾ ਸੁਨ-ੇਹਾ ਦਿੰਦੇ,ਨਾਟਕ ਖੇਡਦੇ,ਲੋਕਾਂ ਵਿੱਚ ਚੰਗਾ ਸਾਹਿਤ ਲੈ ਕੇ ਜਾਂਦੇ,ਹਜ਼ਾਰਾਂ,ਲੱਖਾਂ ਲੋਕਾਂ ਸਾਹਮਣੇ ਨਾਟਕ ਖੇਡਦੇ, ਕਿਸਾਨਾਂ, ਮਜ਼ਦੂਰਾਂ ਦੇ ਘਰਾਂ 'ਚ ਰੁੱਖੀ-ਮਿੱਸੀ ਦਾਲ ਰੋਟੀ ਛੱਕ ਕੇ ਠੰਡਾ ਪਾਣੀ ਪੀ ਕੇ ਫੇਰ ਅਗਲੇ ਪਿੰਡ ਲੋਕਾਂ ਨੂੰ ਪ੍ਰੇਰਨ ਵਾਲਾ ਜ਼ਿੰਦਗੀ ਦਾ ਮਸੀਹਾ, ਲੱਖਾਂ ਨੌਜਵਾਨਾਂ ਨੂੰ ਪ੍ਰੇਰਦਾ।ਉਹ ਹਮੇਸ਼ਾਂ ਹੀ ਬਾਬੇ ਨਾਨਕ, ਗੁਰੂ ਗੋਬਿੰਦ ਸਿੰਘ,ਸ਼ਹੀਦ ਭਗਤ ਸਿੰਘ ਤੇ ਗ਼ਦਰੀ ਬਾਬਿਆਂ ਦੇ ਰਾਹ ਨੂੰ ਆਪਣਾ ਰਾਹ ਕਹਿੰਦੇ।ਰੰਗਮੰਚ ਸਫ਼ਰ ਵਿੱਚ ਉਨ੍ਹਾਂ ਨੇ 185 ਤੋਂ ਵੱਧ ਨਾਟਕ ਲਿਖੇ,ਉਨ੍ਹਾਂ ਨਾਟਕਾਂ ਦੀਆਂ 12000 ਤੋਂ ਵੱਧ ਪੇਸ਼ਕਾਰੀਆਂ ਪੰਜਾਬ ਦੇ ਪਿੰਡਾਂ ਤੋਂ ਲੈ ਕੇ ਦੇਸ਼-ਵਿਦੇਸ਼ ਵਿੱਚ ਕੀਤੀਆਂ।ਉਨ੍ਹਾਂ ਨੇ ਅਦਾਕਾਰੀ ਅਤੇ ਨਾਟ ਪੇਸ਼ਕਾਰੀ ਤੇ ਰੰਗਮੰਚ ਨੂੰ ਸਮਾਜਿਕ ਚੇਤਨਾ ਲਈ ਹਥਿਆਰ ਵੱਜੋਂ ਵਰਤਿਆ।ਉਮਰ ਦੇ ਅੱਠ ਦਹਾਕੇ ਪਾਰ ਕਰਕੇ ਵੀ ਗੁਰਸ਼ਰਨ ਸਿੰਘ ਲੋਕਾਂ ਨੂੰ ਜਗਾਉਣ ਲਈ ਹੋਕੇ ਦਿੰਦੇ ਰਹੇ।ਭਾਖੜਾ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਜਾ ਰਿਹਾ ਸੀ,ਉਥੇ ਕੋਈ ਛੁੱਟੀ ਨਹੀਂ ਸੀ ਹੁੰਦੀ।1954 'ਚ ਉਨਾਂ ਅਫ਼ਸਰਾਂ ਨੂੰ ਕਿਹਾ 8-12 ਵਾਲੀ ਸ਼ਿਫਟ ਵਿੱਚ ਜ਼ਰੂਰੀ ਕੰਮ ਚਲਾਏ ਜਾਣ ਅਤੇ ਬਾਕੀ ਛੁੱਟੀ ਕੀਤੀ ਜਾਵੇ ਪਰ ਮੈਨੇਜਮੈਂਟ ਨਾ ਮੰਨੀ।ਨਤੀਜੇ ਦੇ ਤੌਰ 'ਤੇ ਉਥੇ



ਲੋਹੜੀ ਦੀ ਬਹੁਤ ਵੱਡੀ ਹੜਤਾਲ ਹੋਈ।ਇੱਥੇ ਹੀ ਉਨ੍ਹਾਂ ਨੇ ਪਹਿਲਾ ਨਾਟਕ 'ਲੋਹੜੀ ਦੀ ਹੜਤਾਲ' ਲਿਖਿਆ ਅਤੇ ਖੇਡਿਆ। 1952 ਤੋਂ ਭਾਖੜਾ ਡੈਮ ’ਤੇ ਬਤੌਰ ਇੰਜੀਨੀਅਰ ਸੇਵਾ ਨਿਭਾ ਰਹੇ ਸਰਕਾਰ ਦੀਆਂ ਨਜ਼ਰਾਂ ਵਿੱਚ ਗੁਰਸ਼ਰਨ ਸਿੰਘ ਵਿਦਰੋਹੀ ਸੁਰ ਰੱਖਣ ਵਾਲਾ ਤੇ ਹੋਰਨਾਂ ਨੂੰ ਵਿਦਰੋਹ ਲਈ ਉਕਸਾਉਣ ਵਾਲਾ ਬਣ ਗਿਆ।ਸਿੱਟੇ ਵੱਜੋਂ 1981 ਵਿੱਚ ਅਸਤੀਫ਼ਾ ਦੇ ਕੇ ਨਾਟਕ ਖੇਤਰ ਵਿੱਚ ਆ ਡਟੇ।ਉਨ੍ਹਾਂ ਨੇ ਨਾਟਕ ਵਰਗੀ ਕਲਾ ਦੀ ਨਬਜ਼ ਪਛਾਣ ਲਈ ਕਿ ਇਹ ਲੋਕਾਂ 'ਤੇ ਜਾਦੂ ਵਰਗਾ ਅਸਰ ਕਰਦੀ ਹੈ।ਉਨ੍ਹਾਂ ਬਿਨਾਂ ਸਟੇਜ ਰਿਹਰਸਲ,ਲਾਈਟਾਂ ਅਤੇ ਮਿਊਜ਼ਿਕ ਦੇ ਨੁੱਕੜ ਨਾਟਕਾਂ ਦੀ ਨੀਂਹ ਰੱਖੀ।ਅੰਮ੍ਰਿਤਸਰ ਸਕੂਲ ਆਫ ਡਰਾਮਾ ਰਾਹੀਂ ਨਵੇਂ ਮੁੰਡੇ-ਕੁੜੀਆਂ ਨੂੰ ਨਾਟਕ ਨਾਲ ਜੋੜਿਆ।ਇਹ ਮੁੰਡੇ ਖੁਦ ਵੱਡੇ ਕਲਾਕਾਰ ਅਤੇ ਨਿਰਦੇਸ਼ਕ ਬਣ ਗਏ।ਡਾ.ਸਾਹਿਬ ਸਿੰਘ ਅਤੇ ਕੇਵਲ ਧਾਲੀਵਾਲ ਵਰਗੇ ਨਾਮਵਰ ਕਲਾਕ-ਾਰ ਹੁਣ ਗੁਰਸ਼ਰਨ ਸਿੰਘ ਦੀ ਸੋਚ ਨੂੰ ਹਰ ਆਦਮੀ ਤਕ ਲਿਜਾਣ ਲਈ ਪ੍ਰਤੀਬੱਧ ਹਨ।1964 ਵਿੱਚ ਭਾਅ ਜੀ ਨੇ ਅੰਮ੍ਰਿਤਸਰ ਵਿਖੇ ਦੋਸਤਾਂ ਨਾਲ ਰਲ ਕੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਨੀਂਹ ਰੱਖੀ।ਅੱਜ ਇਹ ਸੰਸਥਾ ਨਾਟਕਾਂ ਦੀ ਉੱਘੀ ਸੰਸਥਾ ਹੈ।ਇਸ ਸੰਸਥਾ ਦਾ ਉਦੇਸ਼ ਸੀ ਕਿ ਚੰਗੇ,ਅਗਾਂਹਵਧੂ ਨਾਟਕਾਂ ਦੀ ਪੇਸ਼ਕਾਰੀ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਨਾ ਤਾਂ ਜੋ ਸਰਮਾਏਦਾਰੀ ਤਾਕਤਾਂ ਦੇ ਖ਼ਿਲਾਫ ਲੋਕ ਨੂੰ ਲਾਮਬੰਦ ਕੀਤਾ ਜਾ ਸਕੇ।ਨਾਟਕਾਂ ਦੇ ਅੰਤ 'ਤੇ ਅਗਾਂਹ-ਵਧੂ ਕਿਤਾਬਾਂ ਤੇ ਸਰਦਲ ਅਤੇ ਸਮਤਾ ਮੈਗਜ਼ੀਨ ਆਪ ਕੱਢ ਕੇ ਸਸਤੇ ਮੁੱਲ ਤੇ ਦਿੰਦੇ ਸਨ। 27 ਸਤੰਬਰ 2011 ਵਿੱਚ ਸਾਡੇ ਤੋਂ ਸਦਾ ਲਈ ਵਿਛੜ ਗਏ। ਰੰਗ ਮੰਚ ਦੇ ਕਲਾਕਾਰਾਂ, ਤਰਕਸ਼ੀਲਾਂ, ਇਨਕਲਾਬੀਆਂ ਅਤੇ ਅਗਾਂਹਵਧੂ ਸੋਚ ਦੇ ਧਾਰਨੀ ਵਿਅਕਤੀਆਂ ਵਲੋਂ ਹਰ ਸਾਲ ਉਨ੍ਹਾਂ ਦੀ ਯਾਦ ਵਿੱਚ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਜ਼ਿੰਦਗੀ ਵਿੱਚ ਸੰਬੰਧਾਂ ਅਤੇ ਖੁਸ਼ੀਆਂ ਦੀ ਅਹਿਮੀਅਤ

ਜ਼ਿੰਦਗੀ ਮਨੁੱਖ ਨੂੰ ਰੱਬ ਵੱਲੋਂ ਦਿੱਤਾ ਗਿਆ ਇੱਕ ਅਨਮੋਲ ਤੋਹਫ਼ਾ ਹੈ। ਅਸੀਂ ਅਕਸਰ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕਈ ਵਾਰ ਕੰਮ-ਕਾਰ, ਲਾਲਸਾਵਾਂ ਅਤੇ ਇੱਛਾਵਾਂ ਵਿੱਚ ਏਨ੍ਹੇ ਰੁਝੇ ਰਹਿੰਦੇ ਹਾਂ ਕਿ ਸਾਨੂੰ ਸਭ ਤੋਂ ਕੀਮਤੀ ਚੀਜ਼ਾਂ ਨਜ਼ਰ ਹੀ ਨਹੀਂ ਆਉਂਦੀਆਂ। ਜਿਵੇਂ ਪਾਸ਼ ਆਪਣੀ ਕਵਿਤਾ ਵਿੱਚ ਦੱਸਦੇ ਹਨ ਕਿ - ਸਭ ਤੋਂ ਖ਼ਤਰਨਾਕ ਹੁੰਦਾ ਹੈ ਮੁਹੱਬਤ ਜ਼ਿੰਦਗੀ ਨਾਲ ਖ਼ਤਮ ਹੋ ਜਾਣਾ। ਇਹ ਲਫ਼ਜ਼ ਸਾਨੂੰ ਸੋਚਣ 'ਤੇ ਮਜਬੂਰ ਕਰਦੇ ਹਨ ਕਿ ਮਨੁੱਖੀ ਜੀਵਨ ਦਾ ਅਸਲੀ ਮਤਲਬ ਸਿਰਫ਼ ਸਾਹ ਲੈਣਾ ਜਾਂ ਕੰਮ-ਕਾਰ ਕਰਨਾ ਨਹੀਂ ਹੈ, ਸਗੋਂ ਖੁਸ਼ੀਆਂ ਸਾਂਝੀਆਂ ਕਰਨੀ, ਸੰਬੰਧਾਂ ਨੂੰ ਨਿਭਾਉਣਾ ਅਤੇ ਇਕ ਦੂਜੇ ਨਾਲ ਪਿਆਰ ਕਰਨਾ ਵੀ ਹੈ।

ਆਧੁਨਿਕ ਯੁੱਗ ਵਿੱਚ ਅਸੀਂ ਬਹੁਤ ਤੇਜ਼ ਰਫ਼ਤਾਰ ਨਾਲ਼ ਅੱਗੇ ਵੱਧ ਰਹੇ ਹਾਂ। ਨੌਕਰੀ, ਪੈਸਾ, ਕਾਰੋਬਾਰ, ਨਵੇਂ ਮੌਕੇ ਇਹ ਸਭ ਚੀਜ਼ਾਂ ਸਾਡੀ ਜ਼ਿੰਦਗੀ ਦੇ ਹਿੱਸੇ ਹਨ। ਪਰ ਜੇਕਰ ਇਨ੍ਹਾਂ ਵਿੱਚ ਫਸ ਕੇ ਅਸੀਂ ਆਪਣੇ ਪਰਿਵਾਰ, ਦੋਸਤਾਂ ਅਤੇ ਅਸਲ ਖੁਸ਼ੀਆਂ ਨੂੰ ਭੁੱਲ ਜਾਣੀਏ ਤਾਂ ਫਿਰ ਜੀਵਨ ਦਾ ਅਸਲ ਮਕਸਦ ਹੀ ਖੋ ਬੈਠਦੇ ਹਾਂ। ਕੰਮ ਕਰਨਾ ਲਾਜ਼ਮੀ ਹੈ ਪਰ ਉਸ ਤੋਂ ਵੱਧ ਅਹਿਮ ਹੈ ਜੀਵਨ ਦੇ ਰਿਸ਼ਤਿਆਂ ਨੂੰ ਜਿਊਣਾ।


ਜਦੋਂ ਕੋਈ ਥੱਕ ਕੇ ਘਰ ਵਾਪਸ ਆਉਂਦਾ ਹੈ ਤਾਂ ਉਸਦੀ ਰੂਹ ਨੂੰ ਸੁਕੂਨ ਸਿਰਫ਼ ਪਰਿਵਾਰ ਦੇ ਪਿਆਰ ਨਾਲ਼ ਮਿਲਦਾ ਹੈ। ਬੱਚਿਆਂ ਦੀਆਂ ਹੱਸਣੀਆਂ, ਮਾਂ ਦੀਆਂ ਦੂਆਵਾਂ, ਪਿਤਾ ਦੀਆਂ ਸਿਖਲਾਈਆਂ ਤੇ ਜੀਵਨ ਸਾਥੀ ਦੀ ਸਾਂਝ ਇਹ ਸਭ ਮਿਲ ਕੇ ਜ਼ਿੰਦਗੀ ਨੂੰ ਪੂਰਾ ਕਰਦੇ ਹਨ। ਪਾਸ਼ ਦੀਆਂ ਲਾਈਨਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਜੇਕਰ ਅਸੀਂ ਇਨ੍ਹਾਂ ਤੋਂ ਵਿੱਛੜ ਗਏ ਤਾਂ ਇਹ ਸਭ ਤੋਂ ਵੱਡੀ ਖ਼ਤਰਨਾਕ ਗੱਲ ਹੋਵੇਗੀ।

ਖੁਸ਼ੀਆਂ ਕੋਈ ਵੱਡੀਆਂ-ਵੱਡੀਆਂ ਚੀਜ਼ਾਂ ਨਹੀਂ ਹੁੰਦੀਆਂ। ਖੁਸ਼ੀ ਉਸ ਵੇਲੇ ਮਿਲਦੀ ਹੈ ਜਦੋਂ ਅਸੀਂ ਛੋਟੀਆਂ ਗੱਲਾਂ ਵਿੱਚ ਖੁਸ਼ੀ ਲੱਭਦੇ ਹਾਂ ਕਿਸੇ ਦੋਸਤ ਨਾਲ਼ ਬੇਝਿਜਕ ਗੱਲ ਕਰਨਾ, ਬੱਚੇ ਦੇ ਨਾਲ ਖੇਡਣਾ, ਬਜ਼ੁਰਗਾਂ ਨਾਲ਼ ਬੈਠ ਕੇ ਉਨ੍ਹਾਂ ਦੀਆਂ ਯਾਦਾਂ ਸੁਣਨਾ। ਇਹੀ ਉਹ ਪਲ ਹਨ ਜੋ ਜ਼ਿੰਦਗੀ ਨੂੰ ਰੰਗੀਂ ਬਣਾ ਦਿੰਦੇ ਹਨ।

ਪਿਆਰ ਸਿਰਫ਼ ਦੋ ਮਨੁੱਖਾਂ ਵਿਚਕਾਰ ਦੀ ਭਾਵਨਾ ਨਹੀਂ, ਬਲਕਿ ਇਹ ਇੱਕ ਜੀਵਨ ਸ਼ੈਲੀ ਹੈ। ਜੇਕਰ ਅਸੀਂ ਹਰ ਕੰਮ ਵਿੱਚ ਮੁਹੱਬਤ ਪਾਈਏ, ਚਾਹੇ ਉਹ ਕੰਮ-ਕਾਰ ਹੋਵੇ ਜਾਂ ਰਿਸ਼ਤੇ-ਨਾਤੇ ਤਾਂ ਜ਼ਿੰਦਗੀ ਆਪਣੇ ਆਪ ਹੀ ਸੁਹਣੀ ਹੋ ਜਾਂਦੀ ਹੈ। ਪਾਸ਼ ਦੀ ਸੋਚ ਸਾਨੂੰ ਸਿਖਾਉਂਦੀ ਹੈ ਕਿ ਖ਼ਤਰਨਾਕ ਉਹ ਹੈ ਜਦੋਂ ਅਸੀਂ ਮੁਹੱਬਤ ਕਰਨੀ ਭੁੱਲ ਜਾਂਦੇ ਹਾਂ।

ਇਸ ਲਈ ਅਸੀਂ ਇਹ ਸਮਝਣਾ ਚਾਹੀਦਾ ਹੈ ਕਿ ਜ਼ਿੰਦਗੀ ਦੀ ਦੌੜ ਵਿੱਚ ਰਿਸ਼ਤਿਆਂ ਦੀ ਮਿਠਾਸ, ਖੁਸ਼ੀਆਂ ਦੀ ਰੌਣਕ ਅਤੇ ਮੁਹੱਬਤ ਦੀ ਗਰਮੀ ਨਾ ਗੁਆਈਏ। ਪੈਸਾ, ਦੌਲਤ ਅਤੇ ਕੰਮ-ਕਾਰ ਕਦੇ ਵੀ ਜ਼ਿੰਦਗੀ ਨੂੰ ਪੂਰਾ ਨਹੀਂ ਬਣਾ ਸਕਦੇ। ਪੂਰਨਤਾ ਤਾਂ ਸਿਰਫ਼ ਉਸ ਵੇਲੇ ਆਉਂਦੀ ਹੈ ਜਦੋਂ ਅਸੀਂ ਪਿਆਰ ਨਾਲ਼ ਜੀਵਨ ਗੁਜ਼ਾਰਦੇ ਹਾਂ, ਆਪਣਿਆਂ ਨੂੰ ਸਮਾਂ ਦੇਂਦੇ ਹਾਂ ਅਤੇ ਖੁਸ਼ੀਆਂ ਵੰਡਦੇ ਹਾਂ।

ਜਿਵੇਂ ਪਾਸ਼ ਨੇ ਕਿਹਾ ਹੈ, ਸਭ ਤੋਂ ਖ਼ਤਰਨਾਕ ਹੁੰਦਾ ਹੈ ਮੁਹੱਬਤ ਖ਼ਤਮ ਹੋ ਜਾਣਾ...। ਇਸ ਲਈ ਸਾਨੂੰ ਹਮੇਸ਼ਾਂ ਆਪਣੀ ਜ਼ਿੰਦਗੀ ਵਿੱਚ ਪਿਆਰ, ਰਿਸ਼ਤਿਆਂ ਅਤੇ ਖੁਸ਼ੀਆਂ ਨੂੰ ਸਭ ਤੋਂ ਪਹਿਲਾਂ ਰੱਖਣਾ ਚਾਹੀਦਾ ਹੈ।



**ਮੰਜੂ ਰਾਇਕਾ**
**ਭਿੰਡਰਾਂ (ਸੰਗਰੂਰ)**

# ਮਨੁ ਪੰਖੀ ਭਇਓ....



## (ਵਿਸ਼ਵ ਸੈਰ-ਸਪਾਟਾ ਦਿਵਸ 'ਤੇ)

ਪੰਛੀ ਅਲਣਾ ਬਣਾਉਂਦੇ ਹਨ ਪਰ ਆਪਣੇ ਬੱਚਿਆਂ ਨੂੰ ਬਣਾ ਕੇ ਨਹੀਂ ਦਿੰਦੇ ਹਨ ਪੰਛੀ ਆਪਣੇ ਵੋਟਾਂ ਦੀ ਚੁੰਝ ਵਿੱਚ ਚੋਗਾ ਪਾ ਕੇ ਵੱਡੇ ਕਰ ਦਿੰਦੇ ਹਨ, ਉੱਡਣਾ ਸਿਖਾ ਦਿੰਦੇ ਹਨ। ਹੌਲੀ-ਹੌਲੀ ਉਹ ਬੋਟ ਆਪਣਾ ਜੀਵਨ ਜਿਉਣ ਲਈ ਲੰਬੀ ਉਡਾਰੀ ਮਾਰ ਜਾਂਦੇ ਹਨ। ਆਦਿ-ਮਾਨਵ ਕਾਲ ਸਮੇਂ ਇਨਸਾਨ ਵੀ ਹੋਰ ਜਾਨਵਰਾਂ ਵਾਂਗ ਦੀ ਹੁੰਦਾ ਹੋਵੇਗਾ ਪਰ ਉਡਾਨ ਉਸ ਦੇ ਵੱਸ ਵਿੱਚ ਨਹੀਂ ਸੀ। ਜਦੋਂ ਪਰਿਵਾਰਕ ਸਾਂਝ ਬਣੀ ਤਾਂ ਸੱਭਿਅਤਾ ਦਾ ਵਿਕਾਸ ਹੋਣ ਲੱਗਿਆ। ਠੰਢ, ਗਰਮੀ, ਬਰਸਾਤ, ਜੰਗਲੀ ਜਾਨਵਰਾਂ ਤੋਂ ਬਚਾਅ ਲਈ ਘਰ ਬਣਨ ਲੱਗੇ ਅਤੇ ਘਰਾਂ ਤੋਂ ਪਿੰਡ, ਕਸਬੇ, ਨਗਰ, ਮੁਹੱਲੇ ਬਣਦੇ-ਬਣਦੇ ਅੱਜ ਸੰਸਾਰ ਵਿਸ਼ਵ ਪਿੰਡ (ਯੂਨੀਵਰਸਲ ਵਿਲੇਜ) ਬਣ ਗਿਆ ਹੈ। ਮਾਪੇ ਆਪੋ ਆਪਣੇ ਬੱਚਿਆਂ ਦੇ ਭਵਿੱਖ ਲਈ ਆਪਣਾ ਵਰਤਮਾਨ ਸੰਘਰਸ਼ ਵਿੱਚ ਲੰਘਾ ਰਹੇ ਹਨ। ਭਾਰਤੀ ਸਮਾਜ ਵਿੱਚ ਪੁਰਾਤਨ ਵਿਆਹ ਲਈ ਰਿਸ਼ਤਾ ਪੱਕਾ ਕਰਨ ਸਮੇਂ ਘਰ-ਪਰਿਵਾਰ ਵੇਖਿਆ ਜਾਂਦਾ ਹੈ। ਇਸ ਪ੍ਰਕਾਰ ਆਪਣਾ ਘਰ ਮਨੁੱਖ ਦੀ ਲੋੜ ਅਤੇ ਇੱਛਾ ਰਹੀ ਹੈ।

ਇਨਸਾਨ ਆਪਣਾ ਜੀਵਨ ਜਿਉਂਦਾ ਹੋਇਆ ਤਰੱਕੀ ਕਰਨ ਜਾਂ ਅੱਗੇ ਵਧਣ ਦੀ ਜਗਿਆਸਾ ਵੀ ਰੱਖਦਾ ਹੈ। ਕਦੋਂ ਇਹ ਜਗਿਆਸਾ ਜਨੂੰਨ ਦੇ ਪੱਧਰ 'ਤੇ ਪਹੁੰਚ ਜਾਂਦੀ ਹੈ ਤਾਂ ਅਜਿਹੇ ਇਨਸਾਨ ਕੁਝ ਨਵਾਂ ਮੁਕਾਮ ਹਾਸਲ ਕਰ ਲੈਂਦੇ ਹਨ ਤੇ ਇਸ ਦੇ ਉਲਟ ਕਈ ਹਮਲਾਵਰ ਦਾ ਰੂਪ ਧਾਰਨ ਕਰ ਲੈਂਦੇ ਹਨ। ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਈ ਹਮਲਾਵਰ ਪੰਜਾਬ ਅਤੇ ਭਾਰਤ ਵਿੱਚ ਆਏ ਪੰਜਾਬੀਆਂ ਨੇ ਮੁਕਾਬਲਾ ਕੀਤਾ ਅਤੇ ਸਮਾਂ ਆਉਣ 'ਤੇ ਪੰਜਾਬੀਆਂ ਨੇ ਭਾਜੀ ਵੀ ਮੋੜੀ ਹੈ। ਪੰਜਾਬ ਦੀ ਉਥਲ-ਪੁਥਲ ਵਿੱਚੋਂ ਕਈ ਮੁਹਾਵਰੇ ਵੀ ਪ੍ਰਚਲਿਤ ਹੋਏ ਹਨ, ਜਿਵੇਂ:-

ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ
ਲਾਹੌਰ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ
ਸ਼ਰਨ ਆਏ ਨੂੰ ਦੇਗ ਚੜ੍ਹ ਆਏ ਨੂੰ ਤੇਗ
ਰੋਕੀਂ ਬਾਬਾ ਡਾਂਗ ਵਾਲਿਆ ਰਨ ਬਸਰੇ ਨੂੰ ਗਈ

ਸੰਖੇਪ ਰੂਪ ਵਿੱਚ ਇਹਨਾਂ ਦਾ ਅਰਥ ਇਹ ਹੈ ਕਿ ਪਹਿਲਾਂ-ਪਹਿਲ ਵਿਦੇਸ਼ੀ ਹਮਲਾਵਰ ਸੋਨਾ, ਚਾਂਦੀ ਅਤੇ ਧੰਨ ਲੁੱਟ ਕੇ ਲੈ ਜਾਂਦੇ ਸੀ ਤੇ ਜੋ ਖਾ-ਹੰਡਾ ਲਿਆ ਜਾਵੇ, ਉਹ ਹੀ ਲਾਹੇ ਦਾ ਸੀ। ਪੰਜਾਬੀਆਂ ਨੇ ਮੁਕਾਬਲਾ ਕਰਨਾ ਆਰੰਭ ਕੀਤਾ। ਵਿਦੇਸ਼ੀ ਹਮਲਾਵਰ ਮਾਲ-ਅਸਬਾਬ ਦੇ ਨਾਲ ਕੁੜੀਆਂ ਅਤੇ ਔਰਤਾਂ ਨੂੰ ਬੰਦੀ ਬਣਾ ਕੇ ਬਸਰੇ ਦੇ ਬਾਜ਼ਾਰ ਵੇਚਣ ਲਈ ਲੈ ਜਾਂਦੇ ਸਨ। ਸਿੱਖ ਸਰਦਾਰਾਂ ਨੇ ਅਜਿਹੇ ਹਮਲਾਵਰਾਂ 'ਤੇ ਹਮਲੇ ਕਰ ਕੇ ਕੈਦੀ ਕੁੜੀਆਂ ਨੂੰ ਉਹਨਾਂ ਦੇ ਘਰੋਂ-ਘਰੀ ਸੁਰੱਖਿਤ ਪਹੁੰਚਾਇਆ। ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਦਾ ਬਹੁਤ ਯੋਗਦਾਨ ਅਤੇ ਬਲਿਦਾਨ ਹੈ। ਅੱਜ ਵੀ ਖੇਤੀਬਾੜੀ ਅਰਥ ਵਿਵਸਥਾ ਸੇਵਾ ਭਾਵਨਾ ਬਹਾਦਰੀ ਸਿੱਖਿਆ ਦੇ ਖੇਤਰ ਵਿੱਚ ਪੰਜਾਬੀ ਆਪਣਾ ਮੁਕਾਮ ਰੱਖਦੇ ਹਨ। ਫਿਰਾਕ ਦਿਲੀ ਨਾਲ ਲੋੜਵੰਦਾਂ ਦੀ ਮਦਦ ਕੀਤੀ ਜੋ ਹੁਣ ਵੀ ਬਾ-ਦਸਤੂਰ ਜਾਰੀ ਹੈ।

ਅੱਜ ਦੇ ਪ੍ਰਪੇਖ ਵਿੱਚ ਗੱਲ ਕੀਤੀ ਜਾਵੇ ਤਾਂ ਆਪਣੇ ਕੁੱਲੀ, ਗੁੱਲੀ ਤੇ ਜੁੱਲੀ ਦੇ ਨਾਲ-ਨਾਲ ਮੋਬਾਇਲ ਫੋਨ ਵੀ ਮੁਢਲੀ ਲੋੜ ਬਣ ਗਿਆ ਹੈ। ਆਰਥਿਕ ਪੱਧਰ ਜੇ ਇਜਾਜ਼ਤ ਦਿੰਦਾ ਹੈ ਤਾਂ ਪਰਿਵਾਰਿਕ ਮੈਂਬਰ ਆਪਣੀ ਕੁੱਲੀ ਭਾਵ ਘਰ ਤੋਂ ਬਾਹਰ ਨਿੱਕਲ ਕੇ ਕਿਤੇ ਘੁੰਮ-ਫਿਰ ਆਉਣ ਦੀ ਤਾਂਘ ਵੀ ਰੱਖਦੇ ਹਨ। ਵਿਦੇਸ਼ੀ ਲੋਕ ਭਾਰਤ ਵਿੱਚ ਘੁੰਮਣ-ਫਿਰਨ ਆਉਂਦੇ ਹਨ ਅਤੇ ਕਈ ਭਾਰਤੀ ਲੋਕ ਆਪਣੇ ਮੁਲਕ ਵਿੱਚ ਹੀ ਜਾਂ ਬਾਹਰਲੇ ਮੁਲਕਾਂ ਵਿੱਚ ਆਪਣੇ ਸਮੇਂ ਅਤੇ ਸਮਰੱਥਾ ਅਨੁਸਾਰ ਆਉਂਦੇ-ਜਾਂਦੇ ਰਹਿੰਦੇ ਹਨ। ਭਾਰਤੀ ਇਤਿਹਾਸ ਵਿੱਚ ਕਈ ਵਿਦੇਸ਼ੀ ਦਾਰਸ਼ਨਿਕ, ਵਪਾਰੀ ਭਾਰਤ ਵਿੱਚ ਆਏ ਹਨ ਜਿਵੇਂ ਮੈਗਸਥਨੀਜ਼, ਹਿਉ ਤਸਾਂਗ, ਵਾਸਕੋ ਡਿਗਾਮਾ, ਮਾਰਕੋ ਪੋਲੋ, ਅਲ ਸਮੂਦੀ, ਅਲ ਬਰੂਨੀ, ਅਬਦੁਲ ਰਜ਼ਾਕ, ਵਿਲੀਅਮ ਹੋਕਿੰਸ, ਸਰ ਥੋਮਸ ਰੋਏ ਆਦਿ। ਇਹਨਾਂ ਨੇ ਆਪਣੇ ਭਾਰਤ ਭਰਮਣ ਦੌਰਾਨ ਭਾਰਤ ਦੇ ਸੱਭਿਆਚਾਰ, ਭਾਸ਼ਾ, ਧਰਮ ਅਤੇ ਰਾਜਨੀਤੀ ਬਾਰੇ ਖੋਜ ਭਰਪੂਰ ਵੇਰਵੇ ਇਕੱਠੇ ਕੀਤੇ। ਭਾਰਤ ਤੋਂ ਬਾਹਰਲੇ ਸਮਾਜ ਨੂੰ ਭਾਰਤ ਬਾਰੇ ਜਾਣੂ ਕਰਵਾਇਆ। ਇਹਨਾਂ ਵਿੱਚੋਂ ਕੁਝ ਵਪਾਰੀ ਕਿਸਮ ਦੇ ਲੋਕ ਵੀ ਸਨ। ਉਸ ਸਮੇਂ ਆਵਾਜਾਈ ਅਤੇ ਸੰਚਾਰ ਦੇ ਸਾਧਨ ਸੀਮਤ ਸਨ। ਕਈ ਮੁਸ਼ਕਲਾਂ ਵਿੱਚੋਂ ਗੁਜਰਦਿਆਂ ਵੀ ਉਹਨਾਂ ਨੇ ਆਪਣੇ ਸੈਰ-ਸਪਾਟੇ ਤੋਂ ਪ੍ਰਾਪਤ ਗਿਆਨ ਅਤੇ ਤਜਰਬੇ ਨੂੰ ਕਲਮਬੱਧ ਕੀਤਾ। ਹੁਣ ਸਮਾਂ ਬਦਲ ਗਿਆ ਹੈ। ਸਾਹਿਤ ਦੇ ਨਾਲ ਨਾਲ ਸੋਸ਼ਲ ਮੀਡੀਆ ਦਾ ਸਾਡੇ ਸਮਾਜ ਵਿੱਚ ਵਿਸ਼ੇਸ਼ ਸਥਾਨ ਬਣ ਗਿਆ ਹੈ ਹੁਣ ਹਰ ਕੋਈ ਕਿਤੇ ਵੀ ਘੁੰਮਣਾ-ਫਿਰਨਾ ਚਾਹੁੰਦਾ ਹੈ ਤਾਂ ਨਾਲ ਦੀ ਨਾਲ ਉਸ ਜਗ੍ਹਾ ਵਿੱਚ ਆਪਣੀਆਂ ਤਸਵੀਰਾਂ ਜਲਦੀ ਤੋਂ ਜਲਦੀ ਇਹਨਾਂ ਸੋਸ਼ਲ ਸਾਈਟਸ ਉਪਰ ਸਾਂਝੀਆਂ ਕਰਨ ਨੂੰ ਤਰਜੀਹ ਦਿੰਦਾ ਹੈ। ਇਹ ਆਪਣੇ ਸ਼ੌਂਕ ਦੀ ਗੱਲ ਹੁੰਦੀ ਹੈ ਪਰ ਤਸਵੀਰਾਂ ਹੀ ਸਭ ਕੁਝ ਨਹੀਂ ਹਨ।

ਜਦੋਂ ਅਸੀਂ ਕਿਸੇ ਸੈਲਾਨੀ ਸਥਾਨ ਭਾਵ ਸੈਰ-ਸਪਾਟੇ ਵਾਲੇ ਸਥਾਨ 'ਤੇ ਹੁੰਦੇ ਹਾਂ ਤਾਂ ਕੇਵਲ ਕੁਦਰਤੀ ਨਜ਼ਾਰੇ ਹੀ ਸਭ ਕੁਝ ਨਹੀਂ ਹੁੰਦੇ ਹਨ। ਉਸ ਇਲਾਕੇ ਦੀ ਆਬੋ-ਹਵਾ, ਲੋਕਾਂ ਦੀ ਭਾਸ਼ਾ, ਉਹਨਾਂ ਦੀ ਬੋਲ-ਚਾਲ ਦਾ ਤਰੀਕਾ ਤੇ ਵਿਵਹਾਰ, ਉੱਥੇ ਦਾ ਪਹਿਰਾਵਾ, ਭੋਜਨ ਆਦਿ ਬਾਰੇ ਰੌਚਕਤਾ ਰੱਖਣੀ ਚਾਹੀਦੀ ਹੈ। ਸਫਰ ਦੌਰਾਨ ਵੇਖਿਆ ਜਾਵੇ ਕਿ ਕਿਸ ਤਰ੍ਹਾਂ ਦੇ ਖੇਤ ਅਤੇ ਫ਼ਸਲਾਂ ਹਨ। ਖੇਤੀਬਾੜੀ ਅਤੇ ਹੋਰ ਕੰਮ ਧੰਦਿਆਂ ਦੇ ਕੀ ਢੰਗ-ਤਰੀਕੇ ਹਨ। ਘਰ-ਦੁਕਾਨਾਂ ਕਿਸ ਵੰਨਗੀ ਦੀਆਂ ਹਨ। ਅਸੀਂ ਇੱਕ ਸੈਲਾਨੀ ਵਾਲ਼ੀ ਖੁਸ਼ੀ ਤਾਂ ਲੈਣ ਹੀ ਰਹੇ ਹੁੰਦੇ ਹਾਂ ਨਾਲ ਦੀ ਨਾਲ ਇਹ ਸਭ ਸਾਡੇ ਗਿਆਨ ਵਿੱਚ ਵਾਧਾ ਵੀ ਕਰਦਾ ਹੈ। ਕਈ ਵਾਰ ਇਸ ਦੌਰਾਨ ਕੋਈ ਓਪਰਾ ਇਨਸਾਨ ਸਾਡਾ ਮਿੱਤਰ ਵੀ ਬਣ ਸਕਦਾ ਹੈ ਪਰ ਅਜਿਹੇ ਮੌਕੇ ਠੱਗੇ ਜਾਣ ਤੋਂ ਬਚਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਸੈਰ ਸਪਾਟਾ ਇੱਕ ਵਧੀਆ ਮੌਕਾ ਹੁੰਦਾ ਹੈ ਕਿ ਅਸੀਂ ਸਫ਼ਰਨਾਮੇ ਦੇ ਰੂਪ ਵਿੱਚ ਕੋਈ ਸਾਹਿਤਕ ਰਚਨਾ ਵੀ ਰਚ ਸਕਦੇ ਹਾਂ ਜਾਂ ਕਿਸੇ ਹੋਰ ਸਾਹਿਤਕ ਵਿਧਾ ਲਈ ਕੋਈ ਵਿਸ਼ਾ ਵੀ ਮਿਲ ਸਕਦਾ ਹੈ। ਅਦਾਕਾਰ ਤੇ ਸਾਹਿਤਕਾਰ ਸ੍ਰੀ ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਏਨੀ ਯਥਾਰਥਵਾਦੀ ਸ਼ੈਲੀ ਵਿੱਚ ਲਿਖਿਆ ਗਿਆ ਕਿ ਇਸ ਤਰਾਂ ਲੱਗਦਾ ਹੈ ਕਿ ਅਸੀਂ ਆਪ ਹੀ ਉਸ ਇਲਾਕੇ ਵਿੱਚ ਘੁੰਮ ਰਹੇ ਹੋਈਏ।

ਜਦੋਂ ਕਦੀ ਵੀ ਕਿਸੇ ਜਗ੍ਹਾ ਜਾਣਾ ਹੋਵੇ ਤਾਂ ਉਸ ਦੇ ਰੂਪ ਰੇਖਾ ਇਕਦਮ ਜਾਂ ਰਾਤੋ-ਰਾਤ ਨਹੀਂ ਬਣਾ ਲੈਣੀ ਚਾਹੀਦੀ ਹੈ। ਸਾਨੂੰ ਉਸ ਸਥਾਨ, ਸਫਰ ਲਈ ਲੋੜੀਂਦਾ ਸਮਾਨ, ਉੱਥੇ ਰਿਹਾਈਸ਼ ਅਤੇ ਵਾਪਸੀ ਬਾਰੇ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ। ਸਫ਼ਰ ਦੌਰਾਨ ਸਾਡਾ ਸੁਚੇਤ ਅਤੇ ਸੁਰੱਖਿਅਤ ਰਹਿਣਾ ਅਤਿਅੰਤ ਜਰੂਰੀ ਹੁੰਦਾ ਹੈ। ਜਦੋਂ ਕਿਸੇ ਓਪਰੀ ਜਗ੍ਹਾ ਹੁੰਦੇ ਹਾਂ ਤਾਂ ਸਾਡੇ ਉੱਪਰ ਆਪਣੇ ਪਰਿਵਾਰ, ਸਾਥੀਆਂ ਅਤੇ ਸਕੁਸ਼ਲ ਘਰ ਵਾਪਸੀ ਦੀ ਜ਼ਿੰਮੇਵਾਰੀ ਹੁੰਦੀ ਹੈ। ਆਪਣੇ ਰੋਜ਼ਾਨਾ ਦੇ ਜੀਵਨ ਵਿੱਚੋਂ ਕੁਝ ਪਲ ਖੁਸ਼ੀਆਂ ਦੇ ਕੱਢਣ ਲਈ ਲੋਕ ਕਿਸੇ ਹੋਰ ਜਗ੍ਹਾ ਘੁੰਮਣ-ਫਿਰਨ ਜਾਂਦੇ ਹਨ। ਜੇ ਕਰ ਕੋਈ ਵੀ ਅਣ-ਸੁਖਾਵੀ ਘਟਨਾ ਵਾਪਰ ਜਾਂਦੀ ਹੈ ਤਾਂ ਜੀਵਨ ਦੁੱਖਦਾਈ ਮੋੜ ਦਾ ਸਬਬ ਬਣ ਸਕਦੀ ਹੈ।

ਸਫਰ ਦੌਰਾਨ ਕੁਦਰਤੀ ਆਫ਼ਤਾਂ ਜਿਵੇਂ ਭੁਚਾਲ, ਹੜ੍ਹ, ਜ਼ਮੀਨ ਖਿਸਕ ਜਾਣੀ ਆਦਿ ਵੱਡੀ ਤਬਾਹੀ ਲਿਆ ਸਕਦੇ ਹਨ। ਸਫ਼ਰ ਦੌਰਾਨ ਸੜਕੀ ਜਾਂ ਰੇਲ ਦੁਰਘਟਨਾ, ਚੋਰੀ, ਲੁੱਟ-ਖੋਹ, ਠੱਗੀ ਆਦਿ ਸੈਰ-ਸਪਾਟੇ ਦੌਰਾਨ ਸਮੱਸਿਆ ਵਿੱਚ ਪਾ ਸਕਦੇ ਹਨ। ਆਪਣੀ ਸਮਝ ਅਤੇ ਜਾਗਰੂਕਤਾ ਨਾਲ ਅਸੀਂ ਕਾਫੀ ਹੱਦ ਤੱਕ ਆਪਣਾ ਬਚਾਅ ਕਰ ਸਕਦੇ ਹਾਂ। ਅਜਿਹੀ ਸਥਿਤੀ ਵਿੱਚ ਘਬਰਾਹਟ ਸਾਡਾ ਹੋਰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਦਿਮਾਗੀ ਸੰਤੁਲਨ ਅਤੇ ਆਪਸੀ ਏਕਾ ਬਣਾਈ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਸਾਡੇ ਕੋਲ ਅਪਾਤਕਾਲੀਨ ਸਹਾਇਤਾ ਨੰਬਰ ਹੋਣੇ ਚਾਹੀਦੇ ਹਨ ਜਿਸ ਵਿੱਚ ਪੁਲਿਸ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਦਾ ਸੰਪਰਕ ਨੰਬਰ ਸ਼ਾਮਲ ਹੈ।

ਕਿਹਾ ਜਾਂਦਾ ਹੈ, 'ਡੁੱਬਦੇ ਨੂੰ ਤਿਣਕੇ ਦਾ ਸਹਾਰਾ'। ਲੰਬੇ ਸਫਰ ਦੌਰਾਨ ਹੋਰ ਸਾਮਾਨ ਦੇ ਨਾਲ-ਨਾਲ ਕੁਝ ਜਰੂਰੀ ਵਸਤੂਆਂ ਜਿਵੇਂ ਟਾਰਚ, ਚਾਕੂ ਜਾਂ ਕਰਦ, ਰੱਸੀ, ਮੁਢਲੀ ਸਹਾਇਤਾ ਕਿੱਟ ਆਦਿ ਕੋਲ ਹੋਣੀਆਂ ਚਾਹੀਦੀਆਂ ਹਨ। ਜੇ ਕਰ ਆਪਣੀ ਗੱਡੀ ਜਾਂ ਟੈਕਸੀ ਵਿੱਚ ਜਾ ਰਹੇ ਹੋਈਏ ਤਾਂ ਅੱਗ ਬੁਝਾਊ ਯੰਤਰ ਵੀ ਲੋੜ ਪੈਣ ਤੇ ਬਹੁਤ ਸਹਾਈ ਹੁੰਦਾ ਹੈ। ਅੱਗ ਲੱਗਣ ਦੀ ਸਥਿਤੀ ਵਿੱਚ ਨੇੜੇ-ਤੇੜਿਓਂ ਪਾਣੀ, ਮਿੱਟੀ ਜਾਂ ਰੇਤ ਦਾ ਪ੍ਰਬੰਧ ਮੁਸ਼ਕਲ ਹੋ ਸਕਦਾ ਹੈ। ਇਹ ਯੰਤਰ ਬਹੁਤ ਵੱਡੀ ਅੱਗ ਲੱਗਣ ਵਾਲੀ ਦੁਰਘਟਨਾ ਤੋਂ ਬਚਾਅ ਕਰ ਸਕਦਾ ਹੈ।

ਸੈਰ-ਸਪਾਟਾ ਕਿਸੇ ਇਲਾਕੇ/ਦੇਸ਼ ਦੀ ਆਰਥਿਕਤਾ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਵਧੇਰੇ ਕਰ ਕੇ ਲੋਕ ਆਪਣੇ ਸੈਲਾਨੀਆਂ ਨੂੰ ਇੱਜ਼ਤ ਦਿੰਦੇ ਹਨ। ਲੋੜ ਪੈਣ 'ਤੇ ਮਦਦ ਵੀ ਕਰਦੇ ਹਨ। ਕੁਝ ਮਾੜੇ ਇਨਸਾਨ ਕਦੀ-ਕਦਾਰ ਮਾੜੇ ਅਨੁਭਵ ਦਾ ਕਾਰਨ ਵੀ ਬਣ ਜਾਂਦੇ ਹਨ ਪਰ ਸੈਲਾਨੀਆਂ ਦੀ ਜਾਗਰੂਕਤਾ ਅਤੇ ਉਸ ਇਲਾਕੇ ਦਾ ਪ੍ਰਸ਼ਾਸਨ ਇਸ ਤੋਂ ਕਾਫੀ ਹੱਦ ਤੱਕ ਬਚਾਅ ਕਰਵਾ ਸਕਦਾ ਹੈ। ਇਸ ਲਈ ਖ਼ੁਸ਼ੀ, ਸ਼ਾਂਤੀ, ਰੋਮਾਂਚ, ਗਿਆਨ ਤੇ ਖੁੱਲ੍ਹ ਦੇ ਕੁਝ ਪਲਾਂ ਲਈ ਕਦੇ-ਕਦਾਰ ਸੈਰ-ਸਪਾਟਾ ਕਰ-ਕੁਰ ਲੈਣਾ-ਲੂਣਾ ਚਾਹੀਦਾ ਹੈ।



**ਮਨਜੀਤ ਸਿੰਘ ਬੱਧਣ**
**9417635053**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com